ਜੀਤਾ: ਤੁਹਾਨੂੰ ਪਰੀਤੂ ਨੇ ਕੁਝ ਨਈਂ ਦੱਸਿਆ॥ ਇਹ ਵੀ ਮੇਰੇ ਨਾਲ਼ ਈ ਸੀ॥

ਮੁਣਸ਼ੀ ਰਾਮ: ਇਹਨੇ ਤੇ ਬੜਾ ਕੁਛ ਦੱਸਿਆ, ਪਰ ਸਾਡੀ ਬੁੱਢਿਆਂ ਦੀ ਹੁਣ ਸਮਝ ਈ ਘਟ ਗਈ ਐ, ਬਹੁਤਾ ਪਤਾ ਨਈਂ ਲੱਗਾ॥ ਇਹ ਤੇ ਸ਼ੈਦ ਕੁਛ ਹੋਰ ਦੱਸਦਾ ਹੋਵੇ, ਪਰ ਸਾਨੂੰ ਇਉਂ ਲੱਗਾ ਜਿਵੇਂ ਕੋਈ ਖਾਣ ਪੀਣ ਦੀਆਂ ਈ ਗੱਲਾਂ ਕਰਦਾ ਹੋਵੇ॥ ਗੱਲ ਇਹ ਐ ਪੁੱਤਰਾ, ਸਾਨੂੰ ਆਪ ਹੁਣ ਖਾਣ ਪੀਣ ਤੋਂ ਬਿਨਾਂ ਕਿਸੇ ਗੱਲ ਦੀ ਸਮਝ ਨਈਂ ਪੈਂਦੀ॥

ਸਾਰੇ ਹੱਸ ਪਏ॥

ਪਰੀਤੂ: ਤਾਇਆ ਮੈਂ ਵੀ ਕਿਵੇਂ ਦੱਸਦਾ, ਤੁਸੀਂ ਜੀਤੇ ਵਾਂਙ ਮੈਨੂੰ ਵੀ ਵਿੱਚੋਂ ਈ ਟੋਕ ਦਿੰਦੇ ਸੀ॥ ਪਰੀਤੂ ਨੇ ਸ਼ਕਾਇਤ ਕੀਤੀ॥ ਸਾਰੇ ਫ਼ਿਰ ਹੱਸ ਪਏ॥

ਮੁਣਸ਼ੀ ਰਾਮ (ਟਿੱਚਰ ਕਰਦਿਆਂ): ਚੱਲ ਤੈਨੂੰ ਫੇਰ ਮੌਕਾ ਦੇ ਦਿੰਨੇ ਆਂ, ਤੂੰ ਹੁਣ ਦੱਸ ਲੈ॥ ਨਰਾਇਣ ਚੰਦ: ਆਹੋ॥ ਤੂੰ ਫੇਰ ਕੋਸ਼ਟ ਕਰ ਵੇਖ॥

ਪਰੀਤੂ: ਨਈਂ, ਹੁਣ ਜੀਤਾ ਈ ਦੱਸੂ॥ ਇਹਦੀ ਵਾਰੀ ਐ॥

ਤੇਜ ਭਾਨ: ਮੈਨੂੰ ਲਗਦੈ ਦੱਸਣਾ ਤੁਸਾਂ ਕਿਸੇ ਨੇ ਵੀ ਕੁਝ ਨਈਂ ਤੇ ਅਸੀਂ ਖਾਲੀ ਈ ਘਰੋ ਘਰੀ ਮੁੜ ਜਾਣੈ॥ ਤੁਸੀਂ ਭਾੜੇ ਤੇ ਵਗਣ ਵਾਲ਼ੇ ਲਗਦੇ ਓ॥

ਹਰਨਾਮ ਦਾਸ: ਹੁਣ ਮੁੰਡੇ ਨੂੰ ਬੋਲਣ ਤੇ ਦਿਉ॥ ਚੱਲ ਪੁੱਤਰ, ਜੀਤਿਆ॥ ਹੋਜਾ ਸ਼ੁਰੂ॥ ਜੀਤਾ: ਤੁਸੀਂ ਤੇ ਮੈਨੂੰ ਗੱਲ ਈ ਭੁਲਾਤੀ ਐ॥ ਦੱਸਾਂ ਕੀ? ਹੁਣ ਮੈਨੂੰ ਵਿੱਚੋਂ ਨਾਂ ਟੋਕਿਉ॥

ਮੁਣਸ਼ੀ ਰਾਮ: ਨਈਂ ਟੋਕਦੇ, ਪੁੱਤਰਾ, ਨਈਂ ਟੋਕਦੇ॥ ਤੂੰ ਯਾਦ ਕਰ॥

ਜੀਤਾ: ਹਾਂ ਸੱਚ ਯਾਦ ਆਇਆ, ਜਦ ਸਾਰਾ ਸਰੀਕਾ ਬਰਾਦਰੀ ਜੁੜ ਬੈਠਾ ਤਾਂ ਮਹਿਤਾ ਜੀ ਨੇ ਆਪਣੇ ਪੁੱਤਰ ਨਾਨਕ ਨੂੰ ਲਿਆ ਵਿੱਚ ਬਠਾਇਆ॥ ਤੇ ਪਾਂਧਾ ਹਰਦਿਆਲ ਵੀ ਆ ਗਿਆ॥ ਉਹਨੇ ਕੁਝ ਮੰਤਰ ਜਿਹੇ ਪੜ੍ਹੇ ਜਿਹਨਾਂ ਦੀ ਸਾਨੂੰ ਤੇ ਕੋਈ ਸਮਝ ਨਈਂ ਆਈ॥ ਫਿਰ ਉਹ ਜਨੇਊ ਫੜ ਕੇ ਨਾਨਕ ਦੇ ਗਲ਼ ਪਾਉਣ ਲੱਗਾ ਤਾਂ ਨਾਨਕ ਨੇ ਉਹਦੇ ਹੱਥ ਫੜ ਲਏ ਤੇ ਆਖਿਆ, "ਪ੍ਰੋਹਤ ਜੀ ਇਹ ਕੀ ਕਰਨ ਲੱਗੇ ਓ?" ਪ੍ਰੋਹਤ ਨੇ ਆਪਣੀ ਉਮਰ 'ਚ ਪਹਿਲਾਂ ਕਈ ਵੀਹਾਂ ਨਿਆਣਿਆਂ ਦੇ ਗਲ਼ਾਂ 'ਚ ਜਨੇਊ ਪਾਏ ਹੋਣਗੇ, ਪਰ ਉਹਨੂੰ ਇਹ ਸੁਆਲ ਕਿਸੇ ਨੇ ਕਦੇ ਨਈਂ ਪੁੱਛਿਆ ਹੋਣਾ॥ ਸੁਆਲ ਸੁਣ ਕੇ ਤੇ ਲਗਦਾ ਸੀ ਕਿ ਜਿਵੇਂ ਪ੍ਰੋਹਤ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੋਵੇ॥ ਪ੍ਰੋਹਤ ਬੋਲਿਆ, "ਛੋਟੇ ਜਜਮਾਨ, ਮੈਂ ਤੁਹਾਡੇ ਗਲ਼ ਵਿੱਚ ਜਨੇਊ ਪਾਉਣ ਲੱਗਾਂ॥ ਹਰ ਉੱਚੀ ਜਾਤ ਦੇ ਬੱਚੇ ਦੇ ਗਲ਼ ਵਿੱਚ ਪਾਇਆ ਜਾਂਦੈ, ਇਹੋ ਸ਼ਾਸਤਰਾਂ ਦੀ ਰੀਤ ਐ"॥ ਫਿਰ ਉਹ ਦੋਵੇਂ ਆਪੋ 'ਚ ਕੁਝ ਇਦਾਂ ਸੁਆਲ ਜਵਾਬ ਕਰਦੇ ਰਹੇ॥

(ਨਾਨਕ ਜੀ): ਪੰਡਿਤ ਜੀ, ਇਹ ਧਾਗਾ ਪਾਉਣ ਨਾਲ਼ ਮਨੁੱਖ ਦੀ ਜਾਤ ਉੱਚੀ ਹੁੰਦੀ ਐ, ਜਾਂ ਨਾਂ ਪਾਉਣ ਨਾਲ਼ ਨੀਵੀਂ ਹੋ ਜਾਂਦੀ ਐ? ਇਹਦੇ ਪਾਉਣ ਜਾਂ ਨਾਂ ਪਾਉਣ ਨਾਲ਼ ਕੀ ਫਰਕ ਪਏਗਾ?

ਇੱਕ ਛੋਟੇ ਜਿਹੇ ਬੱਚੇ ਦੇ ਮੂੰਹੋਂ ਅਜਿਹੇ ਸੁਆਲ ਸੁਣ ਕੇ ਸਾਰਿਆਂ ਦੇ ਮੂੰਹ ਖੁੱਲ੍ਹੇ ਰਹਿ ਗਏ॥ ਪ੍ਰੋਹਤ ਵੀ ਘਾਬਰ ਗਿਆ॥ ਉਹਨੂੰ ਕੋਈ ਢੁੱਕਵਾਂ ਜਵਾਬ ਨਾਂ ਅਹੁੜਿਆ ਤੇ ਬੋਲਿਆ,

(ਪ੍ਰੋਹਤ ਹਰਦਿਆਲ): ਬੇਟਾ ਜੀ, ਜਦ ਤੁਸੀਂ ਥੋੜ੍ਹੇ ਹੋਰ ਵੱਡੇ ਹੋਵੋਗੇ ਤੁਸਾਂ ਨੂੰ ਸਭ ਕੁਝ ਸਮਝ ਆ ਜਾਵੇਗਾ॥ ਅਜੇ ਤੁਸੀਂ ਇਹ ਪਵਿੱਤਰ ਜਨੇਊ ਪੁਆ ਲਵੋ॥ ਇਹੋ ਈ ਹਿੰਦੂ ਧਰਮ ਦੀ ਮਰਿਆਦੈ॥

(ਨਾਨਕ ਜੀ): ਪ੍ਰੋਹਤ ਜੀ, ਮੈਂ ਛੋਟਾ ਈ ਸਹੀ, ਪਰ ਤੁਸੀਂ ਤਾਂ ਵੱਡੇ ਈ ਓ ਨਾਂ॥ ਚਲੋ ਇਹ ਦੱਸ ਦਿਉ ਕਿ ਇਹ ਕੱਚਾ ਧਾਗਾ ਜਿਹਨੂੰ ਤੁਸੀਂ ਪਵਿੱਤਰ ਕਹਿ ਰਹੇ ਓ ਮੇਰਾ ਕੀ ਸਵਾਰੂ?

ਹਰਨਾਮ ਦਾਸ: ਪੁੱਤਰਾ, ਮੈਂ ਵਿੱਚੋਂ ਈ ਟੋਕਣ ਲੱਗਾਂ, ਪਰ ਇਹ ਕਿਸੇ ਬੱਚੇ ਦੇ ਸੁਆਲ ਨਈਂ॥ ਐਨੇ ਡੂੰਘੇ ਸੁਆਲ

ਤਾ ਉਹੀਓ ਕਰ ਸਕਦਾ ਜਿਹੜਾ ਧੁਰੋਂ ਈ ਆਇਆ ਹੋਵੇ॥ ਮੇਰੇ ਤੇ ਆਪਣੇ ਲੂੰ ਕੰਡੇ ਹੋ ਰਹੇ ਨੇ॥ ਮੇਰਾ ਤਾ ਜੀ ਕਰਦੈ ਕਿ ਮੈਂ ਆਪ ਉਹਦੇ ਦਰਸ਼ਨ ਕਰਾਂ॥ ਉਹਦੇ ਬਾਰੇ ਪਹਿਲਾਂ ਵੀ ਬੜਾ ਕੁਛ ਸੁਣਿਐਂ ਕਿ ਉਹ ਬੜੀ ਕਰਨੀ ਵਾਲ਼ੈ ਜਿਹਨੂੰ ਸੱਪਾਂ ਨੇ ਛਾਵਾਂ ਕੀਤੀਆਂ ਨੇ ਤੇ ਜਿਹਨੇ ਪਸੂਆਂ ਦੇ ਖਾਧੇ ਖੇਤ ਹਰੇ ਕੀਤੇ ਨੇ॥ ਧੰਨ ਐ ਉਹਦੇ ਮਾਂ ਪਿਉ॥

ਜੀਤਾ: ਪਰ ਤਾਇਆ, ਉਹਦਾ ਪਿਉ ਇਦਾਂ ਨਈਂ ਸਮਝਦਾ॥ ਉਹ ਤਾਂ ਸਮਝਦੈ ਕਿ ਉਹਦਾ ਪੁੱਤ ਘਰ ਘਟਾਊ ਐ॥ ਐਸ ਵੇਲ਼ੇ ਤੇ ਸਿਰਫ ਦੋ ਹੀ ਜਣੇ ਉਹਨੂੰ ਰੱਬ ਦਾ ਅਉਤਾਰ ਮੰਨਦੇ ਨੇ॥ ਤੇ ਉਹ ਨੇ ਇੱਕ ਤੇ ਉਹਦੀ ਵੱਡੀ ਭੈਣ ਨਾਨਕੀ, ਜੋ ਕੱਲ੍ਹ ਵੀ ਉਹਦੀਆਂ 'ਚਰਜ ਗੱਲਾਂ ਸੁਣ ਕੇ ਫੁੱਲੇ ਨਈਂ ਸੀ ਸਮਾਉਂਦੀ, ਤੇ ਦੂਜਾ ਐ ਰਾਇ ਬੁਲਾਰ ਆਪ, ਜਿਹੜਾ ਉਹਦਾ ਹਰ ਹਰਜਾਨਾ ਭਰਨ ਨੂੰ ਤਿਆਰ ਰਹਿੰਦੈ ਤੇ ਉਹਦੇ ਦਰਸ਼ਨਾਂ ਤੋਂ ਵਾਰੀ ਜਾਂਦੈ॥

ਤੇਜ ਭਾਨ: ਚੱਲ ਪੁੱਤਰਾ ਅੱਗੇ ਦੱਸ॥ ਤੇਰੀਆਂ ਗੱਲਾਂ ਚੋਂ ਬਹੁਤ ਸਵਾਦ ਆਉਂਦੈ॥

ਜੀਤਾ: ਜਦ ਨਾਨਕ ਜੀ ਨੇ ਇਹ ਪੁੱਛਿਆ ਕਿ ਇਹ ਕੱਚਾ ਧਾਗਾ ਮੇਰਾ ਕੀ ਸਵਾਰੂ ਤਾਂ ਪ੍ਰੋਹਤ ਦਾ ਰੰਗ ਫਿੱਕਾ ਪੈ ਗਿਆ॥ ਬੱਸ ਇਹੋ ਆਖੀ ਗਿਆ ਕਿ ਇਹ ਸਾਰੇ ਦੇਵਤੇ ਪਾਉਂਦੇ ਸਨ ਤੇ ਸ਼ਾਸਤਰਾਂ ਦੀ ਮਰਿਆਦਾ ਐ॥ ਇਹ ਜੀਵਨ ਨੂੰ ਬੜਾ ਪਵਿੱਤਰ ਕਰਦੈ॥ ਨਾਨਕ ਜੀ ਨੇ ਫੇਰ ਪੁੱਛਿਆ,

(ਨਾਨਕ ਜੀ): ਪੰਡਿਤ ਜੀ, ਤੁਸੀਂ ਕਹਿੰਦੇ ਓ ਕਿ ਇਹ ਕੱਚਾ ਧਾਗਾ ਜੀਵਨ ਨੂੰ ਪਵਿੱਤਰ ਕਰਦੈ, ਪਹਿਲਾਂ ਤੇ ਮੈਨੂੰ ਇਹ ਸਮਝ ਨਈਂ ਆਉਂਦੀ ਕਿ ਇੱਕ ਧਾਗਾ ਕਿਸੇ ਦੇ ਜੀਵਨ ਨੂੰ ਪਵਿੱਤਰ ਕਿਵੇਂ ਕਰ ਸਕਦੈ॥ ਜੇ ਜੀਵਨ ਏਦਾਂ ਪਵਿੱਤਰ ਹੋਣ ਲੱਗੇ ਤਾਂ ਚੋਰ, ਧਾੜਵੀਏ, ਖੂੰਨੀ, ਲੁਟੇਰੇ, ਠੱਗ, ਬੇਈਮਾਨ ਤੇ ਹੋਰ ਜ਼ੁਲਮ ਕਰਨ ਵਾਲ਼ੇ ਸਾਰੇ ਲੋਕ ਇਹ ਧਾਗਾ ਪਾਕੇ ਪਵਿੱਤਰ ਹੋ ਜਾਣ॥ ਚਲੋ ਜੇ ਮੈਂ ਇੱਕ ਪਲ ਲਈ ਇਹ ਮੰਨ ਵੀ ਲਵਾਂ ਕਿ ਇਹ ਧਾਗਾ ਜੀਵਨ ਪਵਿੱਤਰ ਕਰਦੈ, ਤਾਂ ਇਹ ਕੱਚਾ ਧਾਗਾ ਕੁਝ ਚਿਰ ਨੂੰ ਟੁੱਟ ਸਕਦੈ, ਸੜ ਸਕਦੈ, ਜਾਂ ਉਂਵ ਈ ਕਿਤੇ ਗੁਆਚ ਸਕਦੈ, ਫਿਰ ਕੀ ਕਰੋਗੇ? ਇਹ ਆਖ ਕੇ ਨਾਨਕ ਪੰਡਿਤ ਦੇ ਖੁੱਲੇ ਮੂੰਹ ਵੱਲ ਵੇਖਣ ਲਗ ਪਿਆ॥ ਤਾਇਆ ਉਸ ਵੇਲ਼ੇ ਪੰਡਿਤ ਦਾ ਹਾਲ ਵੇਖਣ ਈ ਵਾਲ਼ਾ ਸੀ॥ ਉਹਦੇ ਮੂੰਹ ਤੇ ਇੱਕ ਰੰਗ ਜਾਵੇ ਤੇ ਇੱਕ ਆਵੇ॥ ਮੈਂ ਸ਼ਰਤ ਲਾ ਕੇ ਕੇ ਆਹਨਾਂ ਕਿ ਜੇ ਪੰਡਿਤ ਨੂੰ ਧਰਤੀ ਵਿਹਲ ਦਿੰਦੀ ਉਹ ਜਰੂਰ ਉਹਦੇ ਵਿੱਚ ਈ ਗਰਕ ਜਾਂਦਾ॥ ਦੁਨੀਆਂ ਵੀ ਸਾਰੀ ਹੈਰਾਨ ਸੀ॥ ਲੋਕਾਂ ਨੂੰ ਯਕੀਨ ਨਈਂ ਆ ਰਿਹਾ ਸੀ ਕਿ ਇੱਕ ਦਸ ਕੁ ਸਾਲ ਦਾ ਨਿਆਣਾ ਇਹੋ ਜਿਹੀਆਂ ਐਨੀਆਂ ਡੂੰਘੀਆਂ ਗੱਲਾਂ ਪੁੱਛ ਸਕਦੈ॥ ਹੁਣ ਲੋਕੀਂ ਨਾਨਕ ਦੇ ਬਹੁਤ ਲਾਗੇ ਆ ਗਏ ਤੇ ਉਹ ਵੀ ਪੰਡਿਤ ਦਾ ਜਵਾਬ ਡੀਕਣ ਲਗ ਪਏ॥ ਬੜੇ ਚਿਰ ਪਿੱਛੋਂ ਪੰਡਿਤ ਦਾ ਮੂੰਹ ਖੁੱਲ੍ਹਿਆ ਤੇ ਉਹ ਆਖਣ ਲੱਗਾ,

(ਪ੍ਰੋਹਤ): ਛੋਟੇ ਜਜਮਾਨ ਜੀ, ਇਹ ਠੀਕ ਐ ਕਿ ਇਹ ਪਵਿੱਤਰ ਜਨੇਊ ਟੁੱਟ ਸਕਦੈ ਜਾਂ ਗੁਆਚ ਸਕਦੈ, ਪਰ ਜਿਵੇਂ ਇੱਕ ਰੋਗੀ ਨੂੰ ਦਵਾ ਦੇ ਕੇ ਠੀਕ ਕੀਤਾ ਜਾ ਸਕਦੈ, ਟੁੱਟੇ ਜਾਂ ਗੁਆਚੇ ਜਨੇਊ ਨੂੰ ਵੀ ਇੱਕ ਪੰਡਿਤ ਮੰਤਰ ਪੜ੍ਹ ਕੇ ਮੁੜ ਉਸ ਮਨੁੱਖ ਦੇ ਗਲ਼ ਪਾ ਸਕਦੈ॥ ਜਿੱਥੋਂ ਤੱਕ ਮੰਦ-ਕਰਮੀਂ ਮਨੁੱਖਾਂ ਦੀ ਗੱਲ ਐ, ਉਹ ਹੁੰਦੇ ਈ ਨੀਵੀਆਂ ਜਾਤਾਂ ਦੇ ਨੇ॥ ਉਹਨਾਂ ਨੂੰ ਇਹ ਜਨੇਊ ਪਵਿੱਤਰ ਨਈਂ ਕਰ ਸਕਦਾ॥

ਇੰਨਾ ਆਖ ਕੇ ਪ੍ਰੋਹਤ ਖੁਸ਼ ਹੋ ਗਿਆ॥ ਜਾਣੀਂ ਉਹਨੇ ਸਿਰੇ ਦੀ ਗੱਲ ਆਖਤੀ ਸੀ॥

ਹਰਨਾਮ ਦਾਸ: ਜੀਤਿਆ, ਐਨਾਂ ਤੇ ਸਾਨੂੰ ਸਾਰਿਆਂ ਨੂੰ ਈ ਪਤਾ ਸੀ ਕਿ ਤੂੰ ਬੰਦਾ ਬਹੁਤ ਈ ਸਮਝਦਾਰ ਐਂ, ਪਰ ਯਾਰ ਤੇਰਾ ਵੀ ਚੇਤਾ ਕਮਾਲ ਦਾ ਐ॥ ਇਹ ਸਾਰਾ ਕੁਛ ਤੈਨੂੰ ਕਿੱਦਾਂ ਯਾਦ ਰਹਿ ਗਿਆ? ਤੇਰੀ ਵੀ ਦਾਦ ਦੇਣੀ ਬਣਦੀ ਐ॥

ਹਰਨਾਮ ਦਾਸ ਜੀਤੇ ਤੋਂ ਬਹੁਤ ਪ੍ਰਭਾਵਿਤ ਹੋਇਆ॥

ਮੁਣਸ਼ੀ ਰਾਮ: ਨਾਮ੍ਹ ਦਾਸ ਬਿਲਕੁਲ ਠੀਕ ਆਖਦੈ ਜੀਤਿਆ॥ ਤੂੰ ਤਾਂ ਸਹੁਰੀ ਦਿਆ ਬੜਾ ਤਗੜਾ ਪੰਡਿਤ ਬਣ ਗਿਐਂ॥ ਸਾਨੂੰ ਵੀ ਕੁਛ ਭੜਾ ਜਾਇਆ ਕਰ॥

ਜੀਤਾ: ਤਾਇਆ ਜੀ ਮੈਂ ਸਹੁੰ ਖਾ ਕੇ ਆਖਦਾਂ, ਮੈਨੂੰ ਆਪ ਨਈਂ ਪਤਾ ਕਿ ਇਹ ਸਾਰਾ ਕੁਝ ਮੈਨੂੰ ਕਿਵੇਂ ਯਾਦ ਐ॥ ਯਕੀਨ ਕਰਿਉ, ਲਗਦੈ, ਨਾਨਕ ਆਪ ਈ ਮੇਰੇ ਮੂੰਹੋਂ ਸਭ ਕੁਝ ਕਢਵਾਈ ਜਾਂਦੈ॥

ਤੇਜ ਭਾਨ: ਜਰੂਰ ਇਹੋ ਈ ਗੱਲ ਹੋਣੀ ਐਂ॥ ਤੇਰਾ ਡਮਾਕ ਚੰਗੈ, ਪਰ ਐਨਾ ਚੰਗਾ ਵੀ ਨਈਂ

ਜੀਤਾ: ਜਾਹ ਫਿਰ, ਮੈਂ ਅਗਲੀ ਗੱਲ ਨਈਂ ਦੱਸਦਾ॥ ਉਹਨੂੰ ਪੁੱਛ ਲੈ, ਜੀਹਤੇ ਤੈਨੂੰ ਬਹੁਤਾ ਯਕੀਨ ਐਂ॥ ਜੀਤਾ ਨਾਰਾਜ਼ ਹੋ ਗਿਆ॥

ਹਰਨਾਮ ਦਾਸ: ਓ ਨਈਂ ਪੁੱਤਰਾ, ਤੇਰੇ ਤੇ ਸਾਨੂੰ ਪੂਰਾ ਜਕੀਨ ਐਂ॥ ਇਹ ਤੇਜੂ ਤਾਂ ਐਵੇਂ ਜੋ ਜੀ 'ਚ ਆਵੇ ਬਕ ਦਿੰਦੈ॥ ਹੁਣ ਸਾਰੇ ਚੁੱਪ ਕਰਕੇ ਸੁਣੋ॥ ਜੀਤਾ ਰਾਮ ਵਧੀਆ ਗੱਲਾਂ ਸੁਣਾ ਰਿਹੈ॥ ਚੱਲ ਜੀਤ ਰਾਮਾ, ਗੁੱਸਾ ਨਾਂ ਕਰ ਤੇ ਬੀਬਾ ਪੁੱਤ ਬਣ ਕੇ ਸਾਨੂੰ ਵੀ ਕੋਈ ਰੱਬੀ ਗਿਆਨ ਹਾਸਲ ਕਰ ਲੈਣ ਦੇਹ॥ ਬਈ ਜੋ ਕੁਛ ਜੀਤੇ ਨੇ ਸੁਣਾਇਆ ਉਹ ਕੋਈ ਬੱਚਾ ਤਾਂ ਕੀ ਕੋਈ ਵੱਡਾ ਪੰਡਿਤ ਵੀ ਨਈਂ ਕਰ ਸਕਦਾ॥ ਇਥੋਂ ਤਾਂ ਨਾਨਕ ਵਾਕਿਆ ਈ ਕੋਈ ਅਉਤਾਰ ਈ ਲਗਦੈ॥

ਮੁਣਸ਼ੀ ਰਾਮ: ਨਾਮ੍ਹ ਦਾਸਾ, ਪੰਡਿਤ ਕੀ ਹੋਇਆ? ਇੱਕ ਵੱਡੇ ਪੰਡਿਤ ਦੀ ਤਾਂ ਨਾਨਕ ਨੇ ਚੰਗੀ ਖੁੰਬ ਠੱਪਤੀ॥ ਹੋਰ ਪੰਡਿਤ ਕੇਹੋ ਜਿਹੇ ਹੋਣਗੇ?

ਨਰਾਇਣ ਚੰਦ: ਬਈ ਮੇਰੀ ਤਾਂ ਨਾਨਕ ਨੂੰ ਨਮਸਕਾਰ ਐ॥ ਕੋਈ ਬਹੁਤ ਵੱਡਾ ਮਹਾਂਪੁਰਖ ਈ ਲਗਦੈ॥ ਇਹ ਵੀ ਚੰਗਾ ਹੋਇਆ, ਸਾਨੂੰ ਵੀ ਜਿਊਂਦੇ ਜੀ, ਉਹਦੇ ਦਰਸ਼ਨ ਹੋ ਜਾਣ ਗੇ॥ ਚੱਲ ਜੀਤੇ ਪੁੱਤਰਾ, ਅੱਗੋਂ ਸੁਣਾ॥ ਧਰਮ ਨਾ ਜੀ ਕਰਦੈ ਤੇਰੀਆਂ ਇਹ ਗੱਲਾਂ ਸੁਣੀ ਈ ਜਾਈਏ॥

ਜੀਤਾ: ਚੱਲ ਤਾਇਆ, ਤੁਹਾਡੇ ਆਖੇ ਸੁਣਾ ਦਿੰਦਾਂ॥ ਤਾਇਆ ਤੇਜ ਭਾਨਾ, ਤੂੰ ਆਪਣੇ ਕੰਨ ਬੰਦ ਕਰ ਲੈ॥

ਤੇਜ ਭਾਨ: ਚੱਲ ਪੁੱਤਰਾ ਹੁਣ ਗੁੱਸਾ ਥੁੱਕ ਦੇਹ, ਮੈਂ ਤੇ ਐਵੇਂ ਸ਼ੁਕਲ ਨਾਲ਼ ਈ ਆਖਿਆ ਸੀ॥ ਤੂੰ ਸੁਣਾ ਅੱਗੇ॥ ਦੇਵੀ ਦੀ ਸਹੁੰ ਹੁਣ ਕੁਛ ਨਈਂ ਆਖਦਾ॥

ਜੀਤਾ: ਪੰਡਿਤ ਦੀ ਓਸ ਗੱਲ ਤੇ ਨਾਨਕ ਨੇ ਫਿਰ ਆਖਿਆ,

(ਨਾਨਕ ਜੀ): ਪੰਡਿਤ ਜੀ ਜਿਹੜਾ ਜਨੇਊ ਇਸ ਜਨਮ ਵਿੱਚ ਵੀ ਕਈ ਵਾਰ ਟੁੱਟਦਾ, ਮੈਲ਼ਾ ਹੁੰਦਾ ਜਾਂ ਗੁਆਚ ਜਾਂਦੈ ਤੇ ਕਈ ਵਾਰ ਪਾਉਣਾ ਪੈਂਦਾ, ਉਹਦਾ ਕੀ ਲਾਭ? ਇਹ ਤਾਂ ਮਨੁੱਖ ਦੇ ਮਰਨ ਦੇ ਨਾਲ਼ ਇੱਥੇ ਈ ਸੜ ਜੂ ਜਾਂ ਇੱਥੇ ਈ ਰਹਿ ਜੂ, ਇਹਨੇ ਅੱਗੇ ਰੱਬ ਦੀ ਦਰਗਾਹ 'ਚ ਨਾਲ਼ ਤੇ ਨਈਂ ਜਾਣਾ ਜਿੱਥੇ ਤੁਹਾਡੇ ਕੀਤੇ ਕਰਮਾਂ ਦਾ ਨਿਬੇੜਾ ਹੋਣੈਂ॥ ਚੰਗੇ ਮਾੜੇ ਕਰਮਾਂ ਦਾ, ਤੇ ਪਵਿੱਤਰਤਾ ਦਾ ਪਤਾ ਤਾਂ ਉਥੇ ਜਾ ਕੇ ਈ ਲੱਗਣੈਂ॥ ਕੱਚੇ ਧਾਗੇ ਦੇ ਜਿਸ ਜਨੇਊ ਨੇ ਇਥੇ ਈ ਰਹਿ ਜਾਣੈਂ ਉਹ ਉਥੇ ਕੀ ਸਵਾਰੂ? ਨਾਲ਼ੇ ਤੁਹਾਡੇ ਹਿਸਾਬ ਨਾਲ਼ ਉੱਚੀਆਂ ਜਾਤਾਂ ਦੇ ਲੋਕ ਤੇ ਮਾੜੇ ਕਰਮ ਕਰਦੇ ਈ ਨਈਂ, ਸੋ ਉਹਨਾਂ ਨੂੰ ਜਨੇਊ ਪਾਉਣ ਦੀ ਕੀ ਲੋੜ?

ਹੁਣ ਤਾਂ ਪ੍ਰੋਹਤ ਹਰਦਿਆਲ ਦਾ ਬਹੁਤ ਈ ਬੁਰਾ ਹਾਲ ਹੋ ਗਿਆ॥ ਉਹ ਸਮਝੀ ਬੈਠਾ ਸੀ ਕਿ ਜੋ ਜਵਾਬ ਉਹ ਦੇ ਕੀ ਹਟਿਆ ਸੀ, ਉਸਤੋਂ ਪਿੱਛੋਂ ਨਾਨਕ ਕੋਲ਼ ਹੋਰ ਕੋਈ ਸਵਾਲ ਨਈਂ ਰਹਿ ਗਿਆ ਹੋਣਾ, ਪਰ ਇਥੇ ਤਾਂ ਗੱਲ ਈ ਹੋਰ ਦੀ ਹੋਰ ਹੋਗੀ॥ ਪ੍ਰੋਹਤ ਪੂਰੀ ਤਰ੍ਹਾਂ ਲਾਜਵਾਬ ਹੋ ਗਿਆ ਲਗਦਾ ਸੀ॥ ਹਾਰ ਕੇ ਜਿਵੇਂ ਉਸ ਨੇ ਹਥਿਆਰ ਸੁੱਟ ਦਿੱਤੇ ਹੋਣ॥ ਤੇ ਛੇਕੜ ਉਸਨੇ ਆਖਰੀ ਤੀਰ ਚਲਾ ਕੇ ਲੋਕਾਂ ਦਾ ਸਾਥ ਜਿੱਤਣਾ ਚਾਹਿਆ॥

(ਪ੍ਰੋਹਤ): ਛੋਟੇ ਜਜਮਾਨ, ਕੀ ਤੁਸੀਂ ਜਨੇਊ ਪਾਉਣ ਦੇ ਉਲਟ ਹੋ, ਤੇ ਕਹਿ ਰਹੇ ਓ ਕਿ ਸ਼ਾਸਤਰਾਂ ਦੇ ਇਹ ਰੀਤੀ ਰਿਵਾਜ ਸਭ ਗਲਤ ਨੇ, ਤੇ ਦੇਵਤੇ ਵੀ ਜਨੇਊ ਪਾ ਕੇ ਭਟਕਣਾਂ ਵਿੱਚ ਪਏ ਹੋਏ ਸੀ?

ਮੁਣਸ਼ੀ ਰਾਮ: ਪ੍ਰੋਹਤ ਦੀ ਇਹ ਗੱਲ ਤੇ ਠੀਕ ਸੀ॥ ਨਾਨਕ ਕੋਲ਼ ਇਹਦਾ ਵੀ ਕੋਈ ਜਵਾਬ ਸੀ?

ਹਰਨਾਮ ਦਾਸ: ਮੁਣਸ਼ੀ ਰਾਮਾ, ਐਨਾ ਕਾਹਲ਼ਾ ਕਿਉਂ ਪੈਨੈਂ? ਮੁੰਡਾ ਦੱਸਣ ਤੇ ਡਿਹੈ॥ ਉਹਦੀ ਸੁਣ ਲੈ ਜਾਂ ਪ੍ਰੋਹਤ ਜੀ ਨੂੰ ਇਥੇ ਸੱਦ ਲੈਨੇ ਆਂ, ਤੂੰ ਜੋ ਸਰਿਆ ਜਬਾਬ ਦੇ ਲਈਂ॥

ਜੀਤਾ: ਸੱਚੀਂ ਤਾਇਆ, ਥੋੜ੍ਹਾ ਜੇਰਾ ਤੇ ਕਰ॥ ਮੈਨੂੰ ਦੱਸ

ਲੈਣ ਦੇਹ॥ ਨਾਨਕ ਦਾ ਜਵਾਬ ਸੁਣੇਂਗਾ ਤੇ ਚੱਕਰ ਖਾਜੇਂਗਾ॥ ਪਤਾ ਉਹਨੇ ਕੀ ਆਖਿਆ?

ਮੁਣਸ਼ੀ ਰਾਮ: ਹੂੰ?

ਜੀਤਾ: ਮੈਨੂੰ ਆਪ ਵੀ ਭਾਵੇਂ ਸਾਰਾ ਯਾਦ ਨਾਂ ਹੋਵੇ, ਪਰ ਕੁਝ ਏਦਾਂ ਆਖਿਆ,

(ਨਾਨਕ ਜੀ): ਪ੍ਰੋਹਤ ਜੀ ਮੈਂ ਜਨੇਊ ਪਾਉਣ ਦੇ ਉਲਟ ਨਈਂ; ਮੇਰੇ ਵੱਲੋਂ ਭਾਵੇਂ ਕੋਈ ਮੋਟੇ ਮੋਟੇ ਰੱਸੇ ਵੱਟ ਕੇ ਪਾਲੇ॥ ਪਰ ਜੋ ਗੁਣ ਤੁਸੀਂ ਇਸ ਕੱਚੇ ਧਾਗੇ ਦੇ ਦੱਸ ਰਹੇ ਓ, ਉਹ ਗੁਣ ਇਹਦੇ ਵਿੱਚ ਕੋਈ ਵੀ ਨਈਂ॥ ਨਾਂ ਇਹਦੇ ਪਾਉਣ ਨਾਲ਼ ਕੋਈ ਮਨੁੱਖ ਪਵਿੱਤਰ ਹੋ ਸਕਦੈ, ਤੇ ਨਾਂ ਹੀ ਇਹਦੇ ਪਾਉਣ ਨਾਲ਼ ਕੋਈ ਮਾੜੇ ਕਰਮ ਕਰਨ ਤੋਂ ਵਰਜਿਆ ਰਹਿੰਦੈ॥ ਕਈ ਬ੍ਰਾਹਮਣ ਤਿਹਰੇ ਤਿਹਰੇ ਜਨੇਊ ਪਾਕੇ ਦੂਜਿਆਂ ਦਾ ਹੱਕ ਖਾਂਦੇ ਨੇ, ਝੂਠ ਬੋਲ ਬੋਲ ਕੇ ਉਹਨਾਂ ਨੂੰ ਠੱਗਦੇ ਨੇ, ਤੇ ਝੂਠੇ ਹੀ ਸ਼ੁਭ ਤੇ ਅਸ਼ੁਭ ਦਿਨ ਦੱਸ ਕੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾਉਂਦੇ ਨੇ॥ ਆਪਣੇ ਕੋਲੋਂ ਈ ਝੂਠੀਆਂ ਕਹਾਣੀਆਂ ਬਣਾ ਬਣਾ ਕੇ ਲੋਕਾਂ ਨੂੰ ਡਰਾਉਂਦੇ ਨੇ ਤੇ ਜਬਰੀ ਦਾਨ ਲੈਂਦੇ ਨੇ॥

ਮੈਂ ਜਨੇਊ ਪਾਉਣ ਨੂੰ ਤਿਆਰ ਆਂ, ਪਰ ਉਹ ਜਨੇਊ ਜਿਹੜਾ ਮਨੁੱਖ ਦੇ ਸਰੀਰ ਲਈ ਨਈਂ, ਸਗੋਂ ਉਸਦੀ ਆਤਮਾ ਵਾਸਤੇ ਹੋਵੇ॥ ਉਹ ਜਨੇਊ ਜਿਹਦੇ ਪਾਉਣ ਨਾਲ ਉਸਨੂੰ ਰੱਬ ਦੀ ਦਰਗਾਹ ਵਿੱਚ ਮਾਣ ਮਿਲੇ॥ ਜੇ ਅਜਿਹਾ ਜਨੇਊ ਤੁਹਾਡੇ ਕੋਲ਼ ਹੈ ਤਾਂ ਸੌ ਵਾਰੀ ਮੇਰੇ ਗਲ਼ ਵਿੱਚ ਪਾ ਦਿਉ, ਪਰ ਇਹ ਕੱਚਾ ਧਾਗਾ ਮੈਂ ਆਪਣੇ ਗਲ਼ ਵਿੱਚ ਨਈਂ ਪਾਉਣਾ॥

ਤਾਇਆ ਇਹੋ ਜਿਹੀਆਂ ਡੂਘੀਆਂ ਗੱਲਾਂ ਅੱਜ ਤੱਕ ਕਦੇ ਕਿਸੇ ਨੇ ਨਹੀਂ ਸੁਣੀਆਂ ਸਨ, ਉਹ ਵੀ ਇੱਕ ਛੋਟੇ ਜਿਹੇ ਬੱਚੇ ਦੇ ਮੂੰਹੋਂ॥ ਸਭ ਨੇ ਮੂੰਹ ਵਿੱਚ ਉਂਗਲੀਆਂ ਪਾ ਲਈਆਂ॥ ਕੁਝ ਚਿਰ ਤੇ ਕੋਈ ਬੋਲ ਹੀ ਨਾਂ ਸਕਿਆ ਜਿਵੇਂ ਸਾਰਿਆਂ ਤੇ ਜਾਦੂ ਛਾ ਗਿਆ ਹੋਵੇ॥ ਪਰ ਬੇਬੇ ਨਾਨਕੀ ਬਹੁਤ ਖੁਸ਼ ਲਗਦੀ ਸੀ॥ ਉਹਦੇ ਤਾਂ ਜਾਣੋ ਧਰਤੀ ਤੇ ਪੈਰ ਈ ਨਈਂ ਸੀ ਲਗਦੇ॥ ਉਹਨੂੰ ਜਰੂਰ ਆਪਣੇ ਵੀਰ ਤੇ ਮਾਣ ਸੀ॥

ਕੁਝ ਦੇਰ ਪਿੱਛੋਂ ਸਭ ਆਪੋ ਵਿੱਚ ਘੁਸਰ-ਮੁਸਰ ਕਰਨ ਲਗ ਪਏ॥ "ਭਈ ਕਮਾਲ ਐ॥ ਐਦਾਂ ਤੇ ਕਦੇ ਨਈਂ ਸੁਣਿਆ"॥ "ਬਈ ਨਾਨਕ ਤੇ ਅਉਤਾਰਾਂ ਵਾਲ਼ੀਆਂ ਗੱਲਾਂ ਕਰਦੈ, ਸਾਡੀ ਸਮਝ ਤੋਂ ਤੇ ਬਹੁਤ ਉੱਚੀਆਂ ਨੇ"॥ ਚਾਰ ਚੁਫੇਰਿਉਂ ਐਹੋ ਜਿਹੀਆਂ ਕਈ ਵਾਜਾਂ ਆਈਆਂ॥ ਪ੍ਰੋਹਤ ਬੁਰੀ ਤਰ੍ਹਾਂ ਕੁੜਿੱਕੀ ਵਿੱਚ ਫਸ ਗਿਆ॥ ਪਰ ਇੱਕ ਵਾਜ ਨੇ ਉਹਨੂ ਕੁਝ ਹੌਂਸਲਾ ਦਿੱਤਾ, "ਬਈ ਨਾਨਕ ਨੇ ਜੋ ਆਖਣਾ ਸੀ ਆਖ ਲਿਆ, ਚਲੋ ਹੁਣ ਘਰ ਵਾਲ਼ਿਆਂ ਦੀ ਰੱਖ ਲਵੇ, ਉਹਨਾਂ ਐਡਾ ਵੱਡਾ ਇਕੱਠ ਕੀਤੈ॥ ਉਹਨੂੰ ਚਾਹੀਦੈ ਹੁਣ ਜਨੇਊ ਪਵਾ ਲਏ, ਜੇ ਨਈਂ ਰੱਖਣਾ ਭਲਕੇ ਪਰਸੋਂ ਲਾਹ ਦੇਵੇ, ਪਰ ਹਾਲ ਦੀ ਘੜੀ ਜਰੂਰ ਪਵਾ ਲੇ॥ ਇਸ ਵਾਜ ਨਾਲ ਪ੍ਰੋਹਤ ਨੇ ਕੁਝ ਹੌਂਸਲਾ ਫੜਿਆ ਤੇ ਉਹ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਬੋਲਿਆ॥

(ਪ੍ਰੋਹਤ): ਛੋਟੇ ਜਜਮਾਨ, ਜਿਹੜੇ ਜਨੇਊ ਦੀ ਤੁਸੀਂ ਗੱਲ ਕਰਦੇ ਓ, ਉਹਦੇ ਕੀ ਗੁਣ ਨੇ?

(ਨਾਨਕ ਜੀ): ਪੰਡਿਤ ਜੀ ਤੁਹਾਡਾ ਜਨੇਊ ਕਪਾਹ ਦੇ ਸੂਤ ਤੋਂ ਬਣਿਐਂ ਜਿਹਨੂੰ ਗੰਢਾਂ ਤੁਸਾਂ ਦਿੱਤੀਆਂ ਨੇ॥ ਮੈਨੂੰ ਉਹ ਜਨੇਊ ਬਣਾ ਦਿਉ ਜਿਹਦੇ ਵਿੱਚ ਕਪਾਹ ਦੀ ਥਾਂ ਤੇ ਦਇਆ ਹੋਵੇ॥ ਬ੍ਰਾਹਮਣ ਲੋਕਾਂ ਤੇ ਦਇਆ ਨਹੀਂ, ਜੁਲਮ ਕਰਦੇ ਨੇ॥ ਮੇਰੇ ਵਾਲ਼ੇ ਜਨੇਊ ਦਾ ਸੂਤ, ਸਬਰ ਤੇ ਸੰਤੋਖ ਦਾ ਹੋਵੇ॥ ਲੋਕਾਂ ਵਿੱਚ ਤ੍ਰਿਪਤੀ ਨਈਂ, ਤੇ ਤ੍ਰਿਸ਼ਨਾ ਦੀ ਅੱਗ ਵਿੱਚ ਸੜਦੇ ਨੇ॥ ਜਨੇਊ ਉਹ ਹੋਵੇ ਜਿਹੜਾ ਪਾਉਣ ਵਾਲ਼ੇ ਨੂੰ ਸੰਤੋਖ ਬਖ਼ਸ਼ੇ॥ ਇੰਦ੍ਰੀਆਂ ਦੇ ਚਸਕੇ ਈ ਮਨੁੱਖ ਕੋਲੋਂ ਮਾੜੇ ਕਰਮ ਕਰਾਉਂਦੇ ਨੇ॥ ਤੁਹਾਡੇ ਵਾਲ਼ਾ ਜਨੇਊ ਤਾਂ ਇੰਦ੍ਰੀਆਂ ਵਾਸਤੇ ਹੈ ਈ ਨਈਂ॥ ਮੇਰੇ ਜਨੇਊ ਦੀਆਂ ਗੰਢਾਂ ਅਜਿਹੀਆਂ ਹੋਣ ਕਿ ਉਹ ਇੰਦ੍ਰੀਆਂ ਨੂੰ ਕਾਬੂ ਵਿੱਚ ਰੱਖਣ ਜਿਹਨਾਂ ਨਾਲ਼ ਪਹਿਨਣ ਵਾਲ਼ੇ ਦਾ ਆਚਰਨ ਉੱਚਾ ਤੇ ਸੁੱਚਾ ਬਣੇ॥ ਉਸ ਜਨੇਊ ਦੇ ਧਾਗੇ ਨੂੰ ਲੋਕ ਸੇਵਾ ਦਾ ਵੱਟ ਚੜ੍ਹਿਆ ਹੋਵੇ॥ ਅਜਿਹਾ ਜਨੇਊ ਤੁਹਾਨੂੰ ਰੱਬ ਦੀ ਦਰਗਾਹ ਵਿੱਚ ਸਨਮਾਨ ਦਿਵਾਉਂਦਾ ਹੈ॥ ਤੁਸੀਂ ਇਸਤਰੀਆਂ ਨੂੰ ਤਾਂ ਜਨੇਊ ਪਹਿਨਣ ਦੇ ਯੋਗ ਈ ਨਈਂ ਸਮਝਦੇ, ਮੇਰੇ ਵਾਲ਼ਾ ਜਨੇਊ ਕੀ ਮਰਦ ਕੀ ਇਸਤਰੀ, ਕੀ

ਉੱਚੀ ਜਾਤ, ਕੀ ਨੀਵੀਂ ਜਾਤ - ਸਭ ਲਈ ਲਾਹੇਵੰਦ ਹੈ ਤੇ ਕਿਸੇ ਵਿੱਚ ਵਿਤਕਰਾ ਨਈਂ ਕਰਦਾ॥ ਸੋ, ਜੇ ਇਹ ਜਨੇਊ ਹੈ ਤਾਂ ਪਹਿਨਾ ਦਿਉ॥

ਨਾਨਕ ਨੇ ਦੋ ਟੂੱਕ ਗੱਲ ਕਹਿਤੀ॥ ਪ੍ਰੋਹਤ ਹੁਣ ਇਹ ਜਨੇਊ ਕਿੱਥੋਂ ਲਿਆਵੇ? ਉਹ ਕੁਝ ਵੀ ਬੋਲ ਨਾਂ ਸਕਿਆ॥ ਉਸਨੇ ਮਹਿਤਾ ਜੀ ਨੂੰ ਇਸ਼ਾਰਾ ਕੀਤਾ ਕਿ ਉਹ ਸਮਝਾ ਕੇ ਵੇਖ ਲੈਣ॥

ਮਹਿਤਾ ਜੀ ਆ ਕੇ ਪੁੱਤਰ ਨੂੰ ਜਨੇਊ ਪਾਉਣ ਲਈ ਜੋਰ ਲਾਉਣ ਲੱਗੇ ਤੇ ਆਖਿਆ,

(ਮਹਿਤਾ ਜੀ): ਨਾਨਕ, ਪੁੱਤਰ, ਅਸਾਂ ਤੁਹਾਡੀਆਂ ਗੱਲਾਂ ਸੁਣੀਆਂ ਨੇ ਤੇ ਉਹਨਾਂ 'ਚ ਕੁਝ ਵਜਨ ਭੀ ਐ॥ ਪਰ ਅਸੀਂ ਹਜਾਰਾਂ ਸਾਲਾਂ ਤੋਂ ਤੁਰੀ ਆਉਂਦੀ ਰਸਮ ਨੂੰ ਇੱਕਦੰਮ ਭੰਗ ਵੀ ਨਈਂ ਕਰ ਸਕਦੇ॥ ਪ੍ਰੋਹਤ ਜੀ ਠੀਕ ਆਖਦੇ ਨੇ ਤੂੰ ਉਹਨਾਂ ਦੀ ਗੱਲ ਮੰਨ ਲੈ॥ ਇਹਦਾ ਕਿਹੜਾ ਕੋਈ ਬਹੁਤ ਭਾਰ ਐ, ਜਾਂ ਇਹਨੂੰ ਕਿਹੜੇ ਕੋਈ ਕੰਡੇ ਲੱਗੇ ਨੇ ਜਿਹੜੇ ਤੈਨੂੰ ਚੁਭ ਜਾਣਗੇ॥ ਜਦੋਂ ਤੇਰੀ ਮਰਜੀ ਹੋਊ ਲਾਹ ਦਈਂ, ਪਰ ਹੁਣ ਪਾ ਲੈ॥ ਮੇਰਾ ਬਿਰਾਦਰੀ 'ਚ ਨੱਕ ਨਾਂ ਵਢਾ, ਤੇ ਬੀਬਾ ਬੱਚਾ ਬਣ ਕੇ ਪਾ ਲੈ॥ ਵੇਖ ਕਿੰਨੇ ਲੋਕ ਇਸ ਖੁਸ਼ੀ ਦੇ ਮੌਕੇ ਤੇ ਆਏ ਹੋਏ ਨੇ, ਜੇ ਤੂੰ ਨਾਂ ਪਾਇਆ, ਇਹ ਸਾਰੇ ਸਾਡਾ ਮੌਜੂ ਨਾਂ
ਉਡਾਉਣ ਗੇ॥ ਇਹਨਾਂ ਸਾਹਮਣੇ ਮੇਰੀ ਇੱਜਤ ਨਾਂ ਰੋਲ਼ ਤੇ ਮੈਨੂੰ ਦੁਖੀ ਨਾਂ ਕਰ॥ ਮੈਂ ਭਲਕੇ ਬਿਰਾਦਰੀ ਵਿੱਚ ਮੂੰਹ ਕਿਵੇਂ ਵਿਖਾਵਾਂਗਾ?

ਲੱਗਾ ਜਿਵੇਂ ਮਹਿਤਾ ਜੀ ਦੀਆਂ ਗੱਲਾਂ ਸੁਣ ਕੇ ਨਾਨਕ ਵੀ ਕੁਝ ਦੁਖੀ ਹੋ ਗਿਆ ਹੋਵੇ॥

ਪਰੀਤੂ: ਇਹ ਬਿਲਕੁਲ ਠੀਕ ਐ, ਨਾਨਕ ਦੇ ਚਿਹਰੇ ਤੇ ਉਦਾਸੀ ਮੈਂ ਵੀ ਵੇਖੀ ਸੀ॥ ਜਦੋਂ ਸਾਰੇ ਲੋਕਾਂ ਨੂੰ ਪਤਾ ਲਗ ਗਿਆ ਕਿ ਨਾਨਕ ਨੇ ਧਾਗਾ ਪਾਉਣ ਤੋਂ ਨਾਂਹ ਕਰਤੀ ਸੀ, ਮਵੀਂ ਲਾਗੇ ਹੋ ਗਿਆ ਸੀ॥

ਮੁਣਸ਼ੀ ਰਾਮ: ਲੈ ਬਈ, ਪ੍ਰੀਤਮ ਚੰਦ ਨੇ ਵੀ ਕਮਾਲ ਕਰਤੀ ਤੇ ਹਰ ਗੱਲ ਦੀ ਪੂਰੀ ਬਿੜਕ ਰੱਖੀ॥

ਤੇਜ ਭਾਨ: ਓ ਪ੍ਰੀਤੂ ਸਮਝਦਾਰ ਐ॥ ਇਹਨੂੰ ਪਤੈ ਕਿ ਕਿਹੜੀ ਗੱਲ ਦੀ ਬਿੜਕ ਰੱਖਣੀ ਐਂ ਤੇ ਕਿਹੜੀ ਦੀ ਨਈਂ॥

ਪਰੀਤੂ: ਲੈ, ਤੁਸੀਂ ਮੈਨੂੰ ਕੀ ਸਮਝਦੇ ਓ? ਕਈ ਗੱਲਾਂ 'ਚ ਮੈਂ ਜਾਣ ਕੇ ਈ ਮਸਤ ਰਹਿਨਾਂ; ਐਵੇਂ ਮਨ ਤੇ ਵਾਧੂ ਤੇ ਵਾਧੂ ਬੋਝ ਪਾਉਣ ਦਾ ਕੀ ਫੈਦਾ?

ਪਰੀਤੂ ਦੀ ਗੱਲ ਤੇ ਸਾਰੇ ਹੱਸ ਪਏ॥

ਹਰਨਾਮ ਦਾਸ: ਚੱਲ ਜੀਤ ਰਾਮਾ, ਤੂੰ ਗੱਲ ਅੱਗੇ ਤੋਰ॥ ਮੈਂ ਤਾਂ ਤੇਰੀਆਂ ਈ ਸੁਣਨੀਆਂ ਚਾਹੁੰਨਾਂ॥ ਇਹਨਾਂ ਦੀ ਬਕ ਬਕ ਤੇ ਸਾਰਾ ਦਿਨ ਸੁਣੀਂਦੀ ਐ॥

ਜੀਤਾ: ਓ ਤਾਇਆ, ਤੁਸਾਂ ਮੈਨੂੰ ਫਿਰ ਭੁਲਾਤਾ॥ ਕਿੱਥੇ ਸੀ ਮੈਂ?

ਨਰਾਇਣ ਚੰਦ: ਓ ਤੂੰ ਦੱਸ ਕੇ ਹਟਿਆ ਸੀ ਕਿ ਮਹਿਤਾ ਜੀ ਨੇ ਬਿਰਾਦਰੀ ਦੇ ਇਕੱਠ ਦਾ ਵਾਸਤਾ ਦੇ ਕੇ ਨਾਨਕ ਨੂੰ ਮੰਨਾਉਣ ਦੀ ਕੋਸ਼ਟ ਕੀਤੀ॥

ਜੀਤਾ: ਬਿਲਕੁਲ ਠੀਕ॥ ਪਿਤਾ ਨੂੰ ਦੁਖੀ ਵੇਖ ਕੇ ਨਾਨਕ ਕੁਝ ਚਿਰ ਚੁੱਪ ਰਿਹਾ, ਪਰ ਫਿਰ ਵਾਹਵਾ ਉੱਚੀ ਵਾਜ ਵਿੱਚ ਕਹਿਣ ਲੱਗਾ,

(ਨਾਨਕ ਜੀ): ਪਿਤਾ ਜੀ ਤੁਹਾਨੂੰ ਦੁਖੀ ਵੇਖ ਕੇ ਮੈਨੂੰ ਖੁਦ ਬਹੁਤ ਦੁੱਖ ਹੋ ਰਿਹੈ॥ ਤੁਹਾਨੂੰ ਦੁਖੀ ਕਰਨਾ ਮੇਰਾ ਬਿਲਕੁਲ ਮੰਤਵ ਨਹੀਂ॥ ਪਰ ਜਨਤਾ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਕੇ ਬਹੁਤ ਦੁਖ ਭੋਗ ਰਹੀ ਐ॥ ਹਕੂਮਤਾਂ ਤੇ ਸਾਡੇ ਧਾਰਮਿਕ ਆਗੂ ਲੋਕਾਂ ਵਿੱਚ ਅਗਿਆਨਤਾ ਦਾ ਹਨੇਰਾ ਹੋਰ ਸੰਘਣਾ ਕਰ ਰਹੇ ਨੇ॥ ਤੁਸੀਂ ਆਪ ਸੋਚੋ, ਜਦ ਪੰਡਿਤ ਜੀ ਨੇ ਇਹ ਤਸਦੀਕ ਕਰਤਾ ਕਿ ਜਨੇਊ ਪਾਉਣ ਨਾਲ਼ ਮਨੁੱਖ ਦੇ ਪਾਪ ਧੁਪ ਜਾਂਦੇ ਨੇ ਤੇ ਉਹ ਪਵਿੱਤਰ ਹੋ ਜਾਂਦੈ, ਤਾਂ ਲੋਕ ਸਗੋਂ ਨਿਸੰਗ ਹੋ ਕੇ ਪਾਪ ਨਾਂ ਕਰਨਗੇ? ਉਹ ਸੋਚਦੇ ਨੇ ਕਿ ਜਦ ਜਨੇਊ ਪਾਉਣ ਨਾਲ਼ ਪਾਪ ਦੂਰ ਹੋ ਜਾਣੇ ਨੇ ਤਾਂ ਕਿਉਂ ਨਾਂ ਖੁਲ੍ਹ ਕੇ ਪਾਪ ਕੀਤੇ ਜਾਣ? ਅਜਿਹੇ ਵੀਚਾਰਾਂ ਨਾਲ ਦਿਨੋ-ਦਿਨ ਮਨੁੱਖ ਦਾ ਆਚਰਨ ਸਗੋਂ ਮਾੜਾ ਹੋਈ ਜਾਂਦੈ ਤੇ ਉਹ ਹੋਰ ਅਗਿਆਨਤਾ ਦੇ ਹਨੇਰੇ ਵਿੱਚ ਡੁਬਦਾ ਜਾਂਦੈ ਤੇ ਇਸ ਤਰ੍ਹਾਂ ਹੋਰ ਦੁੱਖ ਸਹੇੜ ਰਿਹੈ॥ ਪੰਡਿਤ ਤੀਰਥਾਂ ਬਾਰੇ ਵੀ ਅਜਿਹੇ

ਈ ਵੀਚਾਰ ਲੋਕਾਂ 'ਚ ਫੈਲਾਉਂਦੇ ਨੇ॥ ਖਲਕਤ ਦੇ ਰਚਨਹਾਰ ਪਾਸੋਂ ਆਪਣੀ ਖਲਕਤ ਦਾ ਦੁੱਖ ਵੇਖਿਆ ਨਈਂ ਜਾਂਦਾ ਤੇ ਮੈਂ ਜਨਤਾ ਨੂੰ ਇਸ ਅਗਿਆਨਤਾ ਦੇ ਖੂਹ ਵਿੱਚੋਂ ਕੱਢ ਕੇ ਇਸ ਦਾ ਦੁੱਖ ਘਟਾਉਣਾ ਚਾਹੁੰਨਾਂ॥ ਉਸ ਰਚਨਹਾਰ ਦਾ ਮੇਰੇ ਲਈ ਇਹੋ ਈ ਹੁਕਮ ਐਂ॥ ਅਸਲ ਵਿੱਚ ਮੈਂ ਕਿਸੇ ਅਜਿਹੇ ਇਕੱਠ ਦੀ ਹੀ ਉਡੀਕ ਕਰ ਰਿਹਾ ਸੀ ਤਾਂ ਜੁ ਮੈਂ ਲੋਕਾਂ ਨਾਲ਼ ਕੁਝ ਵੀਚਾਰ ਸਾਂਝੇ ਕਰ ਸਕਾਂ॥ ਨਹੀਂ ਤੇ ਜੇ ਮੈਂ ਸਿਰਫ਼ ਜਨੇਊ ਪਾਉਣ ਤੋਂ ਹੀ ਨਾਂਹ ਕਰਨੀ ਹੁੰਦੀ, ਤਾਂ ਤੁਹਾਨੂੰ ਕਈ ਦਿਨ ਪਹਿਲਾਂ ਦਾ ਕਹਿ ਚੁੱਕਿਆ ਹੁੰਦਾ॥

ਇਹ ਕਹਿ ਕੇ ਨਾਨਕ ਕੁਝ ਚਿਰ ਲਈ ਚੁੱਪ ਹੋ ਗਿਆ॥ ਲੋਕਾਂ ਨੂੰ ਵੀ ਇਹ ਵਿਸ਼ਵਾਸ ਨਈਂ ਹੋ ਰਿਹਾ ਸੀ ਇੱਕ ਛੋਟਾ ਜਿਹਾ ਬੱਚਾ ਗਿਆਨ ਦੀਆਂ ਐਨੀਆਂ ਡੂੰਘੀਆਂ ਗੱਲਾਂ ਕਰ ਰਿਹਾ ਸੀ॥ ਉਹਨਾਂ ਨੂੰ ਸਮਝ ਨਈਂ ਆ ਰਹੀ ਸੀ ਕਿ ਉਹ ਕੀ ਕਰਨ॥ ਬਹੁਤੇ ਤਾਂ ਬਿਲਕੁਲ ਬੁੱਤ ਬਣੇ ਹੋਏ ਸਨ॥ ਮੇਰਾ ਆਪਣਾ ਸਾਰਾ ਸਰੀਰ ਸੁੰਨ ਹੋਇਆ ਹੋਇਆ ਸੀ॥ ਮੇਰੇ ਅੰਦਰੋਂ ਕੋਈ ਤਾਕਤ ਮੈਨੂੰ ਮਜਬੂਰ ਕਰ ਰਹੀ ਸੀ ਕਿ ਮੈਂ ਜਾ ਕੇ ਨਾਨਕ ਦੇ ਪੈਰਾਂ ਤੇ ਸਿਰ ਰੱਖ ਦਿਆਂ॥ ਬੱਸ ਲੋਕ ਲਾਜ ਈ ਮਾਰ ਗਈ॥ ਮੈਂ ਦਾਅਵੇ ਨਾਲ ਆਖ ਸਕਨਾਂ ਕਿ ਬਹੁਤ ਲੋਕ ਐਦਾਂ ਈ ਸੋਚਦੇ ਹੋਣਗੇ, ਪਰ ਮੇਰੇ ਵਾਂਙ ਲੋਕ ਲਾਜ ਤੋਂ ਈ ਡਰਦੇ ਰਹੇ॥ ਉਸ ਵੇਲ਼ੇ ਕੋਈ ਕੁਸਕ ਵੀ ਨਈਂ ਸੀ ਰਿਹਾ॥

ਹਰਨਾਮ ਦਾਸ: ਜੀਤ ਰਾਮਾ, ਮੇਰਾ ਸਰੀਰ ਤਾਂ ਗੱਲਾਂ ਸੁਣ ਸੁਣ ਕੇ ਈ ਝੂਠਾ ਪਈ ਜਾਂਦੈ॥ ਜੇ ਮੈਂ ਉਥੇ ਹੁੰਦਾ ਪਤਾ ਨਈਂ ਕੀ ਬਣਦਾ? ਇਹ ਗੱਲਾਂ ਕਿਸੇ ਅਉਤਾਰ ਦੀਆਂ ਨੇ, ਕਿਸੇ ਨਿਆਣੇ ਦੀਆਂ ਨਈਂ॥ ਮੈਨੂੰ ਤਾਂ ਛੇਤੀ ਉਹਦੇ ਦਰਸ਼ਨ ਕਰਾਉ॥

ਨਰਾਇਣ ਚੰਦ: ਮੇਰਾ ਵੀ ਇਹੋ ਈ ਹਾਲ ਐ॥ ਨਾਮ੍ਹ ਦਾਸਾ, ਚੱਲ ਆਪਾਂ ਹੁਣੇ ਚੱਲੀਏ॥ ਇਸ ਖੋਟੇ ਮਨ ਦਾ ਕੋਈ ਤਬਾਰ ਨਈਂ ਕਿਹੜੇ ਵੇਲ਼ੇ ਬਦਲ ਜਾਵੇ॥

ਤੇਜ ਭਾਨ: ਬਈ ਐਸ ਵੇਲ਼ੇ ਤੇ ਮੇਰਾ ਮਨ ਵੀ ਇਹੋ ਈ ਕਹਿ ਰਿਹੈ॥

ਮੁਣਸ਼ੀ ਰਾਮ: ਤੁਸੀਂ ਗੱਲਾਂ ਈ ਕਰਨ ਜੋਗੇ ਓ॥ ਤੁਰਨ ਵੇਲ਼ੇ ਕਿਸੇ ਨਈਂ ਤੁਰਨਾ॥

ਹਰਨਾਮ ਦਾਸ: ਤੈਨੂੰ ਹੁਣੇ ਈ ਦੱਸ ਦਿਆਂਗੇ, ਬੱਸ ਜੀਤੇ ਨੂੰ ਪੂਰੀ ਗੱਲ ਮੁਕਾ ਲੈਣ ਦੇਹ॥

ਪਰੀਤੂ: ਓ ਤਾਇਆ, ਅਸੀਂ ਬਦਕਿਸਮਤ ਗੰਗਾ ਗਏ ਵੀ ਸੁੱਕੇ ਈ ਆ ਗਏ ਆਂ॥ ਚਲੋ, ਤੁਸੀਂ ਜਾਣ ਵਾਲ਼ੇ ਬਣੋਂ, ਮੈਂ ਘੁੱਲੇ ਦਾ ਜੱਕਾ ਲੈ ਆਊਂ॥ ਉਹਦੀ ਘੋੜੀ ਬੜਾ ਭੱਜਦੀ ਐ॥

ਨਰਾਇਣ ਚੰਦ: ਚੱਲਦੇ ਆਂ ਬੱਸ ਜੀਤੇ ਨੂੰ ਗੱਲ਼ ਪੂਰੀ ਕਰ ਲੈਣ ਦਿਉ॥ ਚੱਲ ਪੁੱਤ ਜੀਤਿਆ, ਅੱਗੇ ਦੱਸ॥

ਜੀਤਾ: ਤਾਇਆ, ਕੁਝ ਚਿਰ ਚੁੱਪ ਰਹਿ ਕੇ ਨਾਨਕ ਫਿਰ ਆਖਣ ਲੱਗਾ॥

(ਨਾਨਕ ਜੀ): ਗੱਲ ਇਕੱਲੇ ਜਨੇਊ ਦੀ ਨਹੀਂ, ਇਹ ਤਾਂ ਹਜਾਰਾਂ ਕੁਰੀਤੀਆਂ 'ਚੋਂ ਇੱਕ ਐ ਜਿਹਨਾਂ ਕਰਕੇ ਰੱਬ ਦੇ ਲੋਕ ਦੁਖੀ ਹੋ ਰਹੇ ਨੇ॥ ਦੁਨੀਆਂ ਵਿੱਚ ਧਰਮ ਦਾ ਵਿਖਾਵਾ ਬਹੁਤ ਐ, ਪਰ ਇਸਨੂੰ ਸਿਰਫ਼ ਠੱਗੀ ਲਈ ਈ ਵਰਤਿਆ ਜਾਂਦੈ॥ ਬ੍ਰਾਹਮਣ ਧੋਤੀ, ਟਿੱਕਾ, ਮਾਲ਼ਾ ਤੇ ਜਨੇਊ ਆਦਿ ਦੇ ਧਾਰਮਿਕ ਚਿੰਨ੍ਹ ਪਹਿਨ ਕੇ ਦੁਨੀਆਂ ਨੂੰ ਸਿਰਫ਼ ਠੱਗਦੇ ਈ ਨਹੀਂ ਸਗੋਂ ਉਹਨਾਂ ਨੂੰ ਅਗਿਆਨਤਾ ਦੇ ਹਨੇਰੇ ਵਿੱਚ ਹੋਰ ਧਕੇਲਦੇ ਹਨ॥ ਹਰ ਸੰਭਵ ਮੌਕੇ ਤੇ, ਜਿਵੇਂ ਕਿ ਜੰਮਣ, ਮਰਨ, ਵਿਆਹ, ਗ੍ਰਹਿ ਪ੍ਰਵੇਸ਼ ਆਦਿ ਤੇ ਜਬਰੀ ਦਾਨ ਲੈਂਦੇ ਨੇ ਤੇ ਝੂਠੇ ਮਹੂਰਤ ਕੱਢਕੇ ਲੋਕਾਂ ਨਾਲ਼ ਠੱਗੀ ਮਾਰਦੇ ਨੇ॥ ਮੱਸਿਆ, ਪੂਰਨਮਾਸ਼ੀ, ਗ੍ਰਹਿਣ, ਆਦਿ ਦੇ ਧਾਰਮਿਕ ਭੁਲੇਖੇ ਪਾ ਕੇ ਇੱਕ ਤਾਂ ਲੋਕਾਂ ਕੋਲੋਂ ਪੈਸੇ ਠੱਗਦੇ ਨੇ ਤੇ ਦੂਸਰੇ ਉਹਨਾਂ ਨੂੰ ਵਹਿਮਾਂ ਭਰਮਾਂ ਦੇ ਜਾਲ਼ ਵਿੱਚ ਅਜਿਹਾ ਫਸਾਉਂਦੇ ਨੇ ਕਿ ਲੋਕ ਇਹਨਾਂ ਦੇ ਜੂਲ਼ੇ ਹੇਠੋਂ ਕਦੇ ਨਿਕਲ ਨਾਂ ਸਕਣ॥ ਦੂਸਰੇ ਪਾਸੇ ਮੌਲਵੀਆਂ ਤੇ ਕਾਦੀਆਂ ਦਾ ਵੀ ਇਹੋ ਹਾਲ ਐ॥ ਉਹ ਵੀ ਲੋਕਾਂ ਨੂੰ ਧਰਮ ਦੇ ਨਾਮ ਤੇ ਲੁੱਟਦੇ ਨੇ ਤੇ ਕਾਦੀ ਵੱਢੀ ਲੈ ਕੇ ਬੇਇਨਸਾਫੀਆਂ ਕਰਦੇ ਨੇ॥ ਹਰ ਪਾਸੇ ਹੀ ਹਨੇਰਗਰਦੀ ਐ॥ ਅੱਜ ਮੌਕਾ ਬਣਿਆ ਸੀ ਕਿ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਜਾਲ਼ ਤੋਂ ਜਾਣੂੰ ਕਰਵਾਇਆ ਜਾਵੇ॥ ਮੈਨੂੰ ਦੁੱਖ ਐ ਕਿ

ਮੈਂ ਤੁਹਾਨੂੰ ਵੀ ਦੁਖੀ ਕੀਤੈ, ਪਰ ਮੇਰੇ ਕੋਲ਼ ਕੋਈ ਹੋਰ ਚਾਰਾ ਨਹੀਂ ਸੀ॥ ਅਜਿਹਾ ਮੌਕਾ ਫਿਰ ਔਖਾ ਈ ਮਿਲਣਾ ਸੀ॥

ਇਹ ਕਹਿ ਕੇ ਨਾਨਕ ਚੁੱਪ ਕਰ ਗਿਆ॥ ਮਹਿਤਾ ਜੀ ਵੀ ਕੁਛ ਨਈਂ ਬੋਲੇ॥ ਆਏ ਹੋਏ ਸਾਰੇ ਪ੍ਰਾਹੁਣੇ ਵੀ ਮੂੰਹ ਤੇ ਜਿੰਦਰੇ ਲਾਈ ਬੈਠੇ ਸਨ॥ ਹਰੇਕ ਬੰਦਾ ਨਾਨਕ ਦੇ ਆਖੇ ਬਚਨਾਂ ਨੂੰ ਤੋਲ ਰਿਹਾ ਸੀ ਕਿ ਉਹਨਾਂ ਵਿੱਚ ਕਿੰਨੀ ਸੱਚਾਈ ਹੈ! ਨਾਨਕ ਉੱਨੇ ਕੇ ਚਲਾ ਗਿਆ॥ ਬਹੁਤ ਪ੍ਰਕਾਰ ਦਾ ਭੋਜਨ ਬਣਾਇਆ ਹੋਇਆ ਸੀ, ਪਰ ਕਈਆਂ ਨੇ ਖਾਧਾ ਤੇ ਕਈਆਂ ਨੇ ਨਈਂ॥ ਇਹ ਕਹਿ ਕੇ ਜੀਤਾ ਵੀ ਚੁੱਪ ਕਰ ਗਿਆ॥

ਹਰਨਾਮ ਦਾਸ: ਬਈ ਮੈਨੂੰ ਤੇ ਬਹੁਤ ਖਿੱਚ ਪੈ ਰਈ ਐ ਨਾਨਕ ਦੇ ਦਰਸ਼ਨਾਂ ਨੂੰ॥ ਮੇਰਾ ਤਾਂ ਜੀ ਕਰਦੈ ਕਿ ਉੱਡ ਕੇ ਚਲਾ ਜਾਵਾਂ॥ ਅਜਿਹਾ ਬਾਲਕ ਤੇ ਜਰੂਰ ਰੱਬ ਦਾ ਈ ਰੂਪ ਐ॥ ਜਿੰਦਗੀ ਦਾ ਕੀ ਭਰੋਸਾ, ਕਿਹੜੇ ਵੇਲ਼ੇ ਧੋਖਾ ਦੇ ਜਾਵੇ॥ ਮੈਂ ਚੱਲਿਆਂ, ਬਾਕੀ ਜਿਹਨੇ ਆਉਣਾ ਆ ਜਾਵੇ॥

ਇਹ ਕਹਿ ਕੇ ਹਰਨਾਮ ਦਾਸ ਖੂੰਡੀ ਦੇ ਸਹਾਰੇ ਉੱਠ ਕੇ ਖਲੋ ਗਿਆ॥

ਨਰਾਇਣ ਚੰਦ (ਪਰੀਤੂ ਵੱਲ ਵੇਖ ਕੇ): ਜਾਹ ਪੁੱਤਰਾ ਤੂੰ ਜਾ ਕੇ ਘੁੱਲੇ ਦਾ ਜੱਕਾ ਲੈ ਆ॥ ਮੈਂ ਤੇ ਆਪ ਨਈਂ ਰੁਕ ਸਕਦਾ॥

ਮੁਣਸ਼ੀ ਰਾਮ: ਸਹੁਰੀ ਦਿਉ, ਮੈਂ ਐਨਾ ਮਾੜਾਂ? ਮੈਨੂੰ ਕਿਉਂ ਪਿੱਛੇ ਛੱਡ ਚੱਲੇ ਓ?

ਤੇਜ ਭਾਨ: ਤੁਸੀਂ ਯੱਕਾ ਡੀਕੋ॥ ਮੈਂ ਤੇ ਹੁਣੇ ਚੱਲਿਆਂ॥

ਤੇਜ ਭਾਨ ਨੇ ਦੋ ਉਲਾਘਾਂ ਭਰ ਲਈਆਂ॥ ਪਰੀਤੂ ਯੱਕਾ ਲੈਣ ਚਲਾ ਗਿਆ॥ ਜੀਤਾ ਖੜਾ ਮੁਸਕਰਾ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਕਿੰਨੇ ਚੰਗੇ ਨੇ ਇਹ ਸਿੱਧੇ-ਸਾਦੇ ਲੋਕ ਤੇ ਕਿਵੇਂ ਸੱਚੇ-ਸੁੱਚੇ ਮਨੁੱਖਾਂ ਨੂੰ ਸ਼ਰਧਾ ਨਾਲ਼ ਪਿਆਰ ਕਰਦੇ ਨੇ ਭਾਵੇਂ ਉਹਨਾਂ ਦੀ ਉਮਰ ਕਿੰਨੀ ਵੀ ਛੋਟੀ ਕਿਉਂ ਨਾਂ ਹੋਵੇ॥

ਪਰਦਾ ਡਿਗਦਾ ਹੈ

ਇਸ ਮੌਕੇ ਤੇ ਜਗਤ ਗੁਰੂ ਨਾਨਕ ਪਾਤਸ਼ਾਹ ਨੇ ਜੋ ਪਾਵਨ ਬਚਨ ਉਚਾਰੇ ਉਹ ਹੇਠ ਲਿਖੇ ਪਾਵਨ ਸ਼ਬਦਾਂ ਦਾ ਅਨੁਵਾਦ ਹੈ॥

1. ਸਲੋਕ ਮ:1 (471)॥ਲਖ ਚੋਰੀਆ ਲਖ ਜਾਰੀਆਂ ਲਖ ਕੂੜੀਆ ਲਖ ਗਾਲਿ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥ ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ॥ ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੁਰੋ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥
2. ਸਲੋਕ ਮ:1 (471)॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ ਨ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥
3. ਸਲੋਕ ਮ:1 (471)॥ ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲ ਤਾਗ॥----- ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
4. ਮ:1 (471)॥ ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥ ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗੁ ਨ ਅਖੀ॥ ਵੇਤਗਾ ਆਪੇ ਵਤੈ॥ ਵਟਿ ਧਾਗਾ ਅਵਰਾ ਘਤੈ॥

ਪਾਕਿਸਤਾਨ ਯਾਤਰਾ ਮਿੱਠੀਆਂ ਯਾਦਾਂ

(ਸਾਡਾ ਇਹ ਕਾਰਨਰ "ਪਾਕਿਸਤਾਨ ਯਾਤਰਾ ਮਿੱਠੀਆਂ ਯਾਦਾਂ" ਨਿਯਮਤ ਤੌਰ ਤਮਾਹੀ ਮੈਗਜ਼ੀਨ "ਸਾਂਝਾ ਪੰਜਾਬੀ ਵਿਰਸਾ" ਦਾ ਹਿੱਸਾ ਬਣ ਰਿਹਾ ਹੈ, ਤੁਸੀਂ ਵੀ ਆਪਣੀਆਂ ਪਾਕਿਸਤਾਨ ਦੀਆਂ ਯਾਦਾਂ ਸਾਡੇ ਨਾਲ ਸਾਂਝੀਆਂ ਕਰੋ, ਤੁਹਾਡੀਆਂ ਯਾਦਾਂ "ਸਾਂਝਾ ਪੰਜਾਬੀ ਵਿਰਸਾ" ਦਾ ਸ਼ਿੰਗਾਰ ਬਨਣਗੀਆਂ।)

ਪਾਕਿ ਬਾਰੇ ਵਿਚਾਰ

ਡਾ. ਚਰਨਜੀਤ ਸਿੰਘ ਪੰਨੂੰ

ਸਿੱਖਾਂ ਦਾ ਧਰਮ, ਇਤਿਹਾਸ, ਸਭਿਆਚਾਰ, ਰਾਜਨੀਤੀ ਤੇ ਅਮੀਰ ਬਲਵਾਨ ਵਿਰਸੇ ਦੀ ਜੜ੍ਹ ਪਾਕਿਸਤਾਨ ਵਿੱਚ ਹੈ। ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ, ਪੰਜਾ ਸਾਹਿਬ ਤੇ ਹੋਰ ਬਹੁਤ ਸਾਰੇ ਗੁਰਦੁਆਰੇ ਤੇ ਸਿੱਖ ਧਾਮ ਪਾਕਿਸਤਾਨ ਵਿੱਚ ਰਹਿ ਗਏ। ਸਿੱਖ ਰਾਜ ਦਾ ਇਕੋ ਇਕ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ, ਉਸ ਦੀਆਂ ਸਾਰੀਆਂ ਪ੍ਰਾਪਤੀਆਂ ਤੇ ਉਪਲਬਧੀਆਂ ਦੀਆਂ ਜੜ੍ਹਾਂ ਪਾਕਿਸਤਾਨ ਵਿੱਚ ਹਨ। ਕਿਸੇ ਵੀ ਕੌਮ ਦਾ ਇਤਿਹਾਸ ਤੇ ਵਿਰਸਾ ਉਸ ਵਾਸਤੇ ਕੀਮਤੀ ਸਰਮਾਇਆ ਹੁੰਦਾ ਹੈ ਜਿਸ ਉੱਤੇ ਉਹ ਫ਼ਖ਼ਰ ਕਰ ਸਕਦੀ ਹੈ। ਇਹੀ ਸਰਮਾਇਆ ਉਸ ਦੇ ਵਾਰਸਾਂ ਤੇ ਪੈਰੋਕਾਰਾਂ ਲਈ ਪ੍ਰੇਰਨਾ ਸ੍ਰੋਤ ਬਣਦਾ ਹੈ। ਅੰਗਰੇਜ਼ਾਂ ਨੇ ਨਾਬਾਲਕ ਦਲੀਪ ਸਿੰਘ ਤੇ ਉਸ ਦੀ ਮਾਂ ਰਾਣੀ ਜਿੰਦਾਂ ਕੋਲੋਂ 1849ਈ ਵਿੱਚ ਧੋਖੇ ਨਾਲ ਜਾਂ ਜਬਰਦਸਤੀ ਸਿੱਖ ਰਾਜ ਹਥਿਆ ਲਿਆ ਸੀ। ਉਹਨਾਂ ਦੇ ਰੀਟਰੀਟ ਵੇਲੇ ਆਪਣਾ ਰਾਜ ਵਾਪਸ ਲੈਣ ਦਾ ਹੱਕੀ ਦਾਵਾ ਪੇਸ਼ ਕਰ ਸਕਦੇ ਸਨ। ਗੋਰਿਆਂ ਨੂੰ ਵੀ ਸ਼ਾਇਦ ਇਸ ਬਾਰੇ ਕੋਈ ਉਜ਼ਰ ਇਤਰਾਜ਼ ਨਾ ਹੁੰਦਾ।

ਮਨ ਨੂੰ ਹੈਰਾਨੀ ਤੇ ਰੰਜ ਵੀ ਹੁੰਦਾ ਹੈ ਕਿ ਪਾਕਿਸਤਾਨ ਬਣਨ ਵੇਲੇ ਸਾਡੇ ਲੀਡਰਾਂ ਨੂੰ ਕਿਹੜੀ ਮਜਬੂਰੀ ਪੈ ਗਈ ਕਿ ਉਹ ਆਪਣੇ ਜਾਤੀ ਮੁਫਾਦਾਂ ਜਾਂ ਮੁਲਾਹਜੇਦਾਰੀਆਂ ਕਾਰਨ ਗੁੰਗਵੱਟੇ ਬਣੇ ਰਹੇ ਤੇ ਆਪਣੇ ਜਿੰਦ ਜਾਨ ਤੋਂ ਪਿਆਰੇ ਗੁਰਧਾਮ ਤੇ ਵਿਰਸਾ ਪਿੱਛੇ ਛੱਡ ਕੇ ਵਾਹਗੇ ਤੋਂ ਪਾਰ ਟੱਪ ਗਏ ਜੇ ਕਿਸੇ ਮੰਦਬੁੱਧੀ ਵਾਲੇ ਬੰਦੇ ਨੂੰ ਵੀ ਤੁਸੀਂ ਅਜਿਹੀ ਪਰਸਥਿਤੀ ਵਿੱਚ ਪੁੱਛੋ ਕਿ ਤੂੰ ਆਪਣਾ ਧਰਮ ਤੇ ਵਿਰਸਾ ਛੱਡ ਕੇ ਉਧਰ ਜਾਣਾ ਚਾਹੇਗਾ ਕਿ ਇੱਧਰ ਰਹਿਣਾ ਚਾਹੇਗਾ? ਉਹ ਨਿਰਸੰਕੋਚ ਕਹੇਗਾ, 'ਮੈਂ ਆਪਣੀ ਜਾਨ ਤੋਂ ਪਿਆਰੇ ਗੁਰਧਾਮਾਂ ਦੇ ਕੋਲ ਇੱਧਰ ਹੀ ਰਹਾਂਗਾ। ਮੈਂ ਆਪਣੀ ਇਤਿਹਾਸਕ ਯਾਦਗਾਰਾਂ ਦੇ ਕੋਲ ਹੀ ਰਹਿਣਾ ਚਾਹਾਂਗਾ।' ਸਆਦਤ ਹਸਨ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਇਸ ਦਿ ਸਪਸ਼ਟ ਮਿਸਾਲ ਹੈ। ਕਹਾਣੀ ਦਾ ਪਾਤਰ ਪਾਗਲ ਹੋਣ ਦੀ ਅਵਸਥਾ ਵਿੱਚ ਪਾਗਲਖ਼ਾਨੇ ਅੰਦਰ ਬੰਦ ਹੈ। ਉਸ ਨੂੰ ਪਤਾ ਲੱਗਦਾ ਹੈ ਕਿ ਸਾਰੇ ਸਿੱਖ ਕੈਦੀ ਜਲਦਿ ਹੀ ਹਿੰਦੁਸਤਾਨ ਵਿੱਚ ਚਲੇ ਜਾਣੇ ਹਨ। ਉਹ ਜਾਣ ਤੋਂ ਨਾਂਹ ਕਰ ਦਿੰਦਾ ਹੈ। ਬਾਰ ਬਾਰ ਪੁੱਛਦਾ ਹੈ ਟੋਭਾ ਟੇਕ ਸਿੰਘ ਕਿੱਥੇ ਹੈ। ਉਸ ਦਾ ਮਤਲਬ ਸੀ ਕਿ ਟੋਭਾ ਟੇਕ ਸਿੰਘ ਵੀ ਨਾਲ ਜਾਏਗਾ। ਜੇ ਇਹ ਚੜ੍ਹਦੇ ਪੰਜਾਬ ਵੱਲ ਨਹੀਂ ਜਾਵੇਗਾ ਤਾਂ ਉਹ ਵੀ ਹਿੰਦੁਸਤਾਨ ਨਹੀਂ ਜਾਵੇਗਾ। ਜਦੋਂ ਉਸ ਨੂੰ ਕਹਿੰਦੇ ਹਨ ਕਿ ਇਹ ਵੀ ਉੱਧਰ ਹੀ ਜਾਏਗਾ ਤਾਂ ਉਹ ਤਿਆਰ ਹੋ ਜਾਂਦਾ ਹੈ। **ਪਤਾ ਨਹੀਂ ਸਾਡੇ ਆਗੂਆਂ ਦੇ ਮਨ ਤੇ ਕੀ ਪਰਦਾ ਪੈ ਗਿਆ ਕਿ ਉਹਨਾਂ ਨੇ ਆਪਣੇ ਇਹ ਪਵਿੱਤਰ ਧਾਮ ਬਿਗਾਨਿਆਂ ਦੇ ਹੱਥੀਂ ਫੜਾ ਕੇ ਏਨੀ ਵੱਡੀ ਇਤਿਹਾਸਕ ਭੁੱਲ ਕੀਤੀ ਹੈ। ਇਸ ਨੇ ਸਿੱਖ ਕੌਮ ਨੂੰ ਵਿਨਾਸ਼ ਦੇ ਰਸਤੇ ਪਾ ਦਿੱਤਾ। ਹੁਣ ਇਹਨਾਂ ਥਾਵਾਂ ਦੇ ਦਰਸ਼ਨ ਵਾਸਤੇ ਕਿੰਨੇ ਪਾਪੜ ਵੇਲਣੇ ਪੈਂਦੇ ਹਨ। ਕਾਸ਼! ਉਸ ਵੇਲੇ ਸੋਚਿਆ ਹੁੰਦਾ।** ਸਿੱਖ ਇਤਿਹਾਸ ਨਾਲ ਸੰਬੰਧਿਤਾ ਇਹਨਾਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਯਾਦਗਾਰਾਂ ਤੇ ਸਰੋਤਾਂ ਤੱਕ ਸੰਭਾਵਿਤ ਪਹੁੰਚ ਨੂੰ ਗਨੀਮਤ ਸਮਝ ਕੇ ਹੁਣ ਉਹਨਾਂ ਦਾ ਅਧਿਐਨ ਅਤੇ ਸਾਂਭ ਸੰਭਾਲ ਦਾ ਢੁਕਵਾਂ ਪ੍ਰਬੰਧ ਕਰਨਾ ਕਰਵਾਉਣਾ ਵੀ ਬਹੁਤ ਜ਼ਰੂਰੀ ਹੈ।

ਮੁੱਢ ਕਦੀਮ ਤੋਂ ਹੀ ਮਨੁੱਖ ਅਸ਼ਾਂਤੀ ਤੋਂ ਪਰ੍ਹਾਂ ਸ਼ਾਂਤੀ ਪ੍ਰਾਪਤੀ ਵਾਸਤੇ ਜੰਗਲ ਬੇਲਿਆਂ ਤਕ ਭਟਕਦਾ ਰਿਹਾ ਹੈ। ਨਿੱਤ ਦਿਨ ਦੀਆਂ ਲੜਾਈਆਂ ਝਗੜਿਆਂ ਤੋਂ ਤੰਗ ਖ਼ਫ਼ਾ ਹੋਕੇ ਦੋਹਾਂ ਦੇਸ਼ਾਂ ਦੇ ਨਾਗਰਿਕ ਭਰਾ ਮੁੜ ਦੋਸਤਾਨਾ ਮਾਹੌਲ ਸਿਰਜਣ ਵੇਖਣ ਦੇ ਤਲਬਗਾਰ ਹੋ ਗਏ। ਇਸ ਟੁੱਟੀ ਗੰਢਣ ਵਾਸਤੇ ਬਹੁਤ ਸਾਰੇ ਯਤਨਾਂ ਦਾ ਮੁੱਢ ਬੱਝਾ। ਅਸੀਂ ਵੀ ਪਾਕਿਸਤਾਨ ਦੇ ਦੋਸਤਾਂ ਮਿੱਤਰਾਂ ਤੇ ਅਵਾਮ ਵੱਲ ਅਮਨ ਸ਼ਾਂਤੀ ਦੀ ਬਹਾਲੀ ਅਤੇ ਪੁਰਾਣੀ ਸਾਂਝ ਦੀ ਪੁਨਰ ਸੁਰਜੀਤੀ ਗੰਢ ਲੈ ਕੇ ਗਏ ਸਾਂ। ਉਹਨਾਂ ਨੇ ਦੂਣ ਸਵਾਈਆਂ ਰੀਝਾਂ ਚਾਵਾਂ ਨਾਲ ਸਾਡਾ ਆਮਨਾ ਕਰਦੇ ਸਾਵੀਂ ਭਾਜੀ ਮੋੜੀ ਹੈ। ਅਸੀਂ ਸ਼ਾਂਤੀ ਦੀ ਲਾਟ ਜਗਾ ਆਏ ਹਾਂ। ਇਸ ਨੂੰ ਜਗਦੇ ਰੱਖਣ ਦੀ ਯਕੀਨਦਾਨੀ ਤੇ ਹੁੰਗਾਰਾ ਵੀ ਬਹੁਤ ਸਕਾਰਾਤਮਿਕ ਪ੍ਰਤੀਕਿਰਿਆ ਵਿੱਚ ਝੋਲੀਆਂ ਭਰ ਕੇ ਮਿਲਿਆ ਹੈ।

ਗੁਰਮੁਖੀ ਲਿਪੀ ਦਿਵਸ

ਡਾ. ਸਿਕੰਦਰ ਜੀ ਨੇ ਵੈਬੀਨਾਰ ਦੇ ਪ੍ਰਤੀਭਾਗੀਆਂ ਨੂੰ ਸੰਬੋਧਨ ਕਰਦਿਆਂ ਕਹੇ ਕਿ ਪੰਜਾਬ 1947ਈ ਤੋਂ ਬਾਅਦ ਭਾਰਤ ਵਾਲੇ ਪਾਸੇ ਕਈ ਹਿੱਸਿਆਂ ਵਿਚ ਵੰਡਿਆ ਗਿਆ। ਚੜ੍ਹਦੇ ਪੰਜਾਬ ਵਿੱਚ ਜਿੰਨਾਂ ਵੀ ਹੈ, ਇਹਦੇ ਵਿੱਚ ਗੁਰਮੁਖੀ ਲਿਪੀ ਵਰਤੀ ਜਾਂਦੀ ਹੈ। ਗੁਰੂ ਅੰਗਦ ਦੇਵ ਜੀ ਨੇ 1596ਈ ਵਿੱਚ ਗੁਰਿਆਈ ਮਿਲੀ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਜੀ ਨੇ ਸਾਨੂੰ ਗੁਰਮੁਖੀ ਲਿਪੀ ਦਿੱਤੀ ਸੀ, ਕੁਝ ਵਿਦਵਾਨਾਂ ਦਾ ਆਖਣਾ ਹੈ ਕਿ ਗੁਰਮੁਖੀ ਲਿਪੀ ਗੁਰੂ ਅੰਗਦ ਜੀ ਨੇ ਦਾਨ ਕੀਤੀ। ਉਹਨਾਂ ਕਿਹਾ ਕਿ ਜਦੋਂ ਕੋਈ ਲਿਪੀ ਜਾਂ ਭਾਸ਼ਾ ਕਿਸੇ ਧਰਮ ਨਾਲ ਜੁੜ ਜਾਂਦੀ ਹੈ ਤਾਂ ਉਹ ਪਵਿੱਤਰ ਹੋ ਜਾਂਦੀ ਹੈ। ਉਸਨੇ ਇੱਕ ਉਦਾਹਰਣ ਦਿੱਤੀ ਕਿ ਜਿਸ ਤਰ੍ਹਾਂ ਪੈਗੰਬਰ ਮੁਹੰਮਦ ਸਾਹਿਬ ਨੇ ਅਰਬੀ ਵਿੱਚ ਆਪਣੀਆਂ ਸਿੱਖਿਆਵਾਂ ਪੇਸ਼ ਕੀਤੀਆਂ ਅਤੇ ਅਰਬੀ ਭਾਸ਼ਾ ਪਵਿੱਤਰ ਹੋ ਗਈ। ਉਸੇ ਤਰ੍ਹਾਂ ਗੁਰਮੁਖੀ ਲਿਪੀ ਵੀ ਜਦੋਂ ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਇਹਦੇ ਵਿੱਚ ਲਿਖਿਆ ਪੜ੍ਹਿਆ ਜਾਵੇ ਤਾਂ ਇਹ ਲਿਪੀ ਵੀ ਪਵਿਤਾਰ ਹੋ ਗਈ।

ਚਮਕੋਰ ਸਿੰਘ ਨੇ ਕਿਹਾ ਕਿ ਉਹ ਗੁਰਬਾਣੀ ਦੀ ਭਾਸ਼ਾ ਬਾਰੇ ਗੱਲ ਕਰਨਗੇ ਕਿਉਂਕਿ ਲਿਪੀ ਅਤੇ ਭਾਸ਼ਾ ਵੱਖਰੀ ਨਹੀਂ ਹੈ। ਖਾਸ ਕਰਕੇ ਸਾਡੀ ਸਿੱਖ ਪਰੰਪਰਾ ਵਿੱਚ, ਸ਼ਬਦ ਗੁਰਮੁਖੀ ਲਿਪੀ ਅਤੇ ਭਾਸ਼ਾ ਦੋਵਾਂ ਵਿੱਚ ਵਰਤਿਆ ਜਾਂਦਾ ਹੈ। ਅਸੀਂ ਗੁਰਮੁਖੀ ਨੂੰ ਪੈਂਤੀ ਅਖਰੀ ਆਖਦੇ ਹਾਂ। ਇਹ ਪੈਂਤੀ ਅੱਖਰ, ਗੁਰੂ ਸਾਹਿਬਾਨ ਦੀ ਭਾਸ਼ਾ ਨੂੰ ਲਿਖਤ ਵਿੱਚ ਲਿਆਉਣ ਲਈ ਵਰਤੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਜੀ ਦੀ ਅਗਵਾਈ ਵਿਚ ਗੁਰੂ ਅੰਗਦ ਸਾਹਿਬ ਨੇ ਇਸ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਸਥਾਪਿਤ ਕੀਤਾ ਅਤੇ ਇਸ ਲਈ ਜੋ ਵੀ ਜ਼ਰੂਰੀ ਸੀ, ਕੀਤਾ।

ਡਾ. ਕਲਿਆਣ ਸਿੰਘ ਕਲਿਆਣ ਨੇ ਡਾ. ਸਿਕੰਦਰ ਜੀ ਨੂੰ ਸੰਬੋਧਿਤ ਕਰਦੇ ਹੋਏ ਕਿਹਾ, "ਮੈਨੂੰ ਨਹੀਂ ਪਤਾ ਕਿ ਤੁਹਾਨੂੰ ਗੁਰਮੁਖੀ ਵਿਚ ਅਜਿਹੇ ਔਖੇ ਸ਼ਬਦ ਕਿੱਥੋਂ ਮਿਲਦੇ ਹਨ, ਜੋ ਸਾਨੂੰ ਡਿਕਸ਼ਨਰੀ ਵਿਚ ਵੀ ਨਹੀਂ ਮਿਲਦੇ। ਡਾ. ਕਲਿਆਣ ਨੇ ਬੇਨਤੀ ਕੀਤੀ ਕਿ ਜੋ ਸ਼ਬਦ ਸਾਡੀ ਪੁਰਾਤਨ ਸ਼ਬਦਾਵਲੀ ਹਨ, ਜੋ ਸਾਡੇ ਗੁਰੂ ਸਾਹਿਬਾਨ ਦੀ ਸ਼ਬਦਾਵਲੀ ਹੈ, ਉਨ੍ਹਾਂ ਨੂੰ ਲਿਖਤਾਂ ਵਿਚ ਵਰਤਿਆ ਜਾਵੇ ਨਾ ਕਿ ਹੋਰ ਸ਼ਬਦਾਂ ਦੀ ਕਾਢ ਕੱਢੀ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਗੁਰਮੁਖੀ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ।

ਜੋਗਾ ਵਿਰਕ ਜੀ ਨੇ ਕਿਹਾ ਕਿ ਜੋ ਸਾਡੇ ਮੂਲ ਪੰਜਾਬੀ ਭੰਡਾਰ ਹਨ, ਉਨ੍ਹਾਂ ਨੂੰ ਲਿਖਤੀ ਰੂਪ ਵਿਚ ਵਰਤਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਭਾਸ਼ਾ ਵਿੱਚੋਂ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਹਟਾ ਕੇ ਅਸਲੀ ਪੰਜਾਬੀ ਸ਼ਬਦਾਵਲੀ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਰਵਿੰਦ ਸਿੰਘ ਨੇ ਕਿਹਾ ਕਿ ਦੋਵਾਂ ਪੰਜਾਬਾਂ ਵਿੱਚ ਲਿਖਤੀ ਰੂਪ ਵਿੱਚ ਜੋ ਮਿਲਦਾ ਹੈ, ਉਹ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨਾਲ ਭਰਿਆ ਹੁੰਦਾ ਹੈ। ਸ਼ੁੱਧ ਪੰਜਾਬੀ ਸ਼ਬਦਾਂ ਦੀ ਵਰਤੋਂ ਕਰਨ ਦਾ ਯਤਨ ਕਰਨ ਦੀ ਲੋੜ ਹੈ।

ਗੁਰਚਰਨ ਸਿੰਘ ਨੇ ਕਿਹਾ ਕਿ ਸਾਰੀ ਚਰਚਾ ਤੋਂ ਮੈਂ ਇਹ ਸਿੱਟਾ ਕੱਢਿਆ ਹੈ ਕਿ ਪੰਜਾਬੀ ਭਾਰਤ ਵਿੱਚ ਬੋਲੀ ਜਾਣ ਵਾਲੀ ਸਭ ਤੋਂ ਅਮੀਰ ਭਾਸ਼ਾ ਹੈ। ਇਹ ਇੱਕ ਅਜਿਹੀ ਭਾਸ਼ਾ ਹੈ ਜਿਸ ਵਿੱਚ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਸ਼ਾਮਿਲ ਹਨ।

ਮੇਜਰ ਸਿੰਘ ਪੰਜਾਬੀ ਨੇ ਕਿਹਾ ਕਿ ਅੱਜ ਗੁਰੂ ਅੰਗਦ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਜਾਰੀ ਰਹਿਣੇ ਚਾਹੀਦੇ ਹਨ।

ਅੰਤਰਰਾਸ਼ਟਰੀ ਲੋਕਤੰਤਰ ਦਿਵਸ

ਵੈਬੀਨਾਰ ਨੂੰ ਸੰਬੋਧਨ ਕਰਦਿਆਂ ਗੁਰਚਰਨ ਸਿੰਘ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲੋਕ ਤੰਤਰ ਨੂੰ ਉਦੋਂ ਹੀ ਸਮਝ ਸਕਦੀਆਂ ਹਨ ਜਦੋਂ ਮੌਜੂਦਾ ਪੀੜ੍ਹੀ ਲੋਕ ਤੰਤਰ ਦਾ ਆਨੰਦ ਮਾਣ ਰਹੀ ਹੋਵੇ।

ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਕਿਹਾ ਕਿ ਜਿੱਥੋਂ ਤੱਕ ਲੋਕਤੰਤਰ ਦਾ ਸਵਾਲ ਹੈ, ਇਹ ਬਹੁਤ ਬਹੁਤ ਵਧੀਆ ਚੀਜ਼ ਹੈ। ਪਰ ਦੋ ਗੱਲਾਂ ਅਜਿਹੀਆਂ ਹਨ ਜੋ ਗਲਤ ਹੋ ਜਾਂਦੀਆਂ ਹਨ ਜੋ ਇਸ ਦੇ ਮੂਲ ਮਕਸਦ ਨੂੰ ਕੁਝ ਹੱਦ ਤੱਕ ਖਤਮ ਕਰ ਦਿੰਦੀਆਂ ਹਨ। ਲੋਕਤੰਤਰ ਵਿੱਚ ਇੱਕ ਵੋਟਿੰਗ ਪ੍ਰਣਾਲੀ ਹੈ, ਚੋਣਾਂ ਜ਼ਰੂਰੀ ਹਨ। ਜੇ ਉਸ ਕੋਲ 51 ਪ੍ਰਤੀਸ਼ਤ ਨਹੀਂ ਹਨ, ਤਾਂ ਉਹ ਕੁੱਲ ਮਿਲਾ ਕੇ ਨਹੀਂ ਜਿੱਤ ਸਕਦਾ, ਸਾਰੇ ਦੇਸ਼ਾਂ ਵਿੱਚ ਲੋਕਤੰਤਰ ਦੀਆਂ ਸਮੱਸਿਆਵਾਂ ਇੱਕੋ ਜਿਹੀਆਂ ਹਨ। ਸਭ ਤੋਂ ਵੱਡਾ ਨੁਕਸ ਇਹ ਹੈ ਕਿ ਇੱਕ ਨਿਯਮ ਬਣ ਜਾਂਦਾ ਹੈ ਕਿ ਜੇਕਰ ਤੁਹਾਡੀ ਇਕ ਸੀਟ ਵੱਧ ਜਾਂਦੀ ਹੈ ਤੇ ਸਾਰੀ ਦੀ ਸਾਰੀ ਪਾਵਰ ਤੁਸੀਂ ਆਪਣੀ ਇੱਛਾ ਅਨੁਸਾਰ ਵਰਤਨੀ ਹੈ। ਇਹ ਸਮੱਸਿਆ ਲੋਕਤੰਤਰ ਵਿੱਚ ਬਹੁਤ ਆਮ ਹੈ। ਹਾਲਾਂਕਿ, ਜੇ ਅਸੀਂ ਵਿਸ਼ਲੇਸ਼ਣ ਕਰੀਏ, ਤਾਂ ਲੋਕਤੰਤਰ ਨੂੰ ਸਾਰੀਆਂ ਵਿਚਾਰਧਾਰਾਵਾਂ ਵਿਚਕਾਰ ਜਨਤਕ ਪ੍ਰਤੀਨਿਧਤਾ ਲਈ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ।

ਵੈਬੀਨਾਰ ਨੂੰ ਸੰਬੋਧਨ ਕਰਦਿਆਂ ਡਾ. ਭਗਤ ਅਟਵਾਲ ਨੇ ਕਿਹਾ ਕਿ ਲੋਕਤੰਤਰ ਬਾਰੇ ਗਿਆਨ ਦੀ ਕੋਈ ਕਮੀ ਨਹੀਂ ਹੈ, ਅਸੀਂ ਵੀ ਲੋਕਤੰਤਰ ਦਾ ਅਨੁਭਵ ਕਰ ਰਹੇ ਹਾਂ| ਉਨ੍ਹਾਂ ਅੱਗੇ ਕਿਹਾ ਕਿ ਅਸੀਂ ਚੰਗੇ ਪ੍ਰਸ਼ਾਸਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਿਵੇਂ ਕਰ ਸਕਦੇ ਹਾਂ, ਅਜੋਕਾ ਯੁੱਗ ਕੰਪਿਊਟਰ ਤਕਨਾਲੋਜੀ ਦਾ ਯੁੱਗ ਹੈ ਅਤੇ ਕਿਉਂ ਨਾ ਇਸ ਆਧੁਨਿਕ ਤਕਨੀਕ ਦੀ ਵਰਤੋਂ ਚੰਗੇ ਪ੍ਰਸ਼ਾਸਨ ਲਈ ਕੀਤੀ ਜਾਵੇ।

ਗੁਰਬਖਸ਼ ਸਿੰਘ ਨੇ ਕਿਹਾ ਕਿ ਵੱਖ-ਵੱਖ ਵਿਦਵਾਨਾਂ ਨੇ ਲੋਕਤੰਤਰ ਦੀ ਵੱਖ-ਵੱਖ ਪਰਿਭਾਸ਼ਾ ਦਿੱਤੀ ਹੈ ਪਰ ਇਹ ਸਾਰੇ ਲਗਭਗ ਇਕ ਦੂਜੇ ਨਾਲ ਮਿਲਦੇ-ਜੁਲਦੇ ਹਨ। ਲੋਕਤੰਤਰ ਦੀ ਪਰਿਭਾਸ਼ਾ ਲੋਕਾਂ ਨਾਲ ਹੋਣੀ ਹੈ ਅਤੇ ਜੇਕਰ ਤੁਸੀਂ ਲੋਕਾਂ ਨੂੰ ਬਾਹਰ ਕੱਢਦੇ ਹੋ ਤਾਂ ਲੋਕਤੰਤਰ ਦੀ ਹੋਂਦ ਨਹੀਂ ਰਹਿੰਦੀ। ਲੋਕਤੰਤਰ ਲੋਕਾਂ ਬਾਰੇ ਹੈ। ਜੇਕਰ ਲੋਕ ਨਹੀਂ ਹਨ ਤਾਂ ਲੋਕਤੰਤਰ ਨਹੀਂ ਹੈ।

ਅਸ਼ੋਕ ਭੰਡਾਰੀ ਨੇ ਕਿਹਾ ਕਿ ਅਸੀਂ ਵਿਦਵਾਨਾਂ ਦੀਆਂ ਗੱਲਾਂ ਸੁਣੀਆਂ ਹਨ, ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਕੀਤਾ ਅਤੇ ਆਪਣਾ ਨਾਂ ਚਮਕਾਇਆ। ਲੋਕਾਂ ਨੇ ਉਹਨਾਂ ਦੇ ਰਾਜ ਦਾ ਆਨੰਦ ਮਾਣਿਆ। ਪਰ ਜੋ ਚੀਜ਼ਾਂ ਹੁਣ ਸਾਡੇ ਸਾਹਮਣੇ ਆ ਰਹੀਆਂ ਹਨ, ਸਾਡੇ ਦੇਸ਼ ਵਿੱਚ ਇਸ ਸਮੇਂ ਜੋ ਲੋਕਤੰਤਰ ਹੈ, ਉਸ ਵਿੱਚ ਸੰਤੁਲਨ ਬਣਾਉਣਾ ਸਾਡੇ ਲਈ ਬਹੁਤ ਵੱਡੀ ਲੋੜ ਹੈ।

ਰਣਜੀਤ ਸਿੰਘ ਧਾਲੀਵਾਲ ਐਡਵੋਕੇਟ ਨੇ ਕਿਹਾ ਕਿ ਉਨ੍ਹਾਂ ਨੂੰ ਕਈ ਦੇਸ਼ਾਂ ਨੂੰ ਦੇਖਣ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਸਾਡੇ ਸੰਸਦ ਮੈਂਬਰ ਅਤੇ ਵਿਧਾਇਕ ਜਵਾਬ ਦਹਿ ਨਹੀਂ ਹੈਗੇ। ਜਿਹੜੇ ਅਮਰੀਕਾ, ਇੰਗਲੈਂਡ ਆਦਿ ਵਿਚ ਹੈ ਨੇ ਉਹ ਆਪਣੀ ਜਨਤਾ ਨੂੰ ਜਵਾਬ ਦਹਿ ਹੈ ਨੇ। ਜੇਕਰ ਉਨ੍ਹਾਂ ਦੀ ਪਾਰਟੀ ਵੀ ਉਨ੍ਹਾਂ ਨੂੰ ਕੁਝ ਕਰਨ ਲਈ ਕਹੇ ਤਾਂ ਉਹ ਪਾਰਟੀ ਦੀ ਗੱਲ ਨਹੀਂ ਸੁਣਨਗੇ, ਸਗੋਂ ਉਹ ਆਖਦੇ ਹਨ ਕਿ ਮੈਂ ਆਪਣੇ ਲੋਕਾਂ ਨੂੰ ਜਵਾਬ ਦਹਿ ਹਾਂ। ਮੈਂ ਆਪਣੇ ਲੋਕਾਂ ਲਈ ਅਤੇ ਉਨ੍ਹਾਂ ਦੇ ਭਲੇ ਲਈ ਗੱਲ ਕਰਨੀ ਹੈ। ਰਣਜੀਤ ਸਿੰਘ ਨੇ ਕਿਹਾ ਕਿ ਇਹੀ ਅਸਲੀ ਲੋਕਤੰਤਰ ਹੈ।

ਗੁਰਚਰਨ ਸਿੰਘ ਨੇ ਕਿਹਾ ਕਿ ਅੱਜ ਦੇ ਜਮਹੂਰੀ ਆਗੂਆਂ ਨੇ ਲੋਕਤੰਤਰ ਨੂੰ ਆਪਣਾ ਧੰਦਾ ਬਣਾ ਲਿਆ ਹੈ। ਲੀਡਰ ਤੋਂ ਬਾਅਦ ਜਿਵੇਂ ਇੰਗਲੈਂਡ ਵਿੱਚ ਡਿਵਾਇਨ ਰਾਈਟ ਆਫ਼ ਕਿੰਗਜ਼ ਹੁੰਦਾ ਸੀ, ਉਸ ਪ੍ਰਣਾਲੀ ਨਾਲ ਅਸੀਂ ਜਿਸ ਨੂੰ ਚੁਣ ਲੈਂਦੇ ਹਾਂ, ਉਹ ਸਮਝਦਾ ਹੈ ਕਿ ਅਸੀਂ ਹੁਣ ਸਿਰਫ਼ ਇਹੋ ਕੰਮ ਕਰਾਂ ਗੇ, ਹੋਰ ਕੋਈ ਕੰਮ ਨਹੀਂ ਕਰਨਾ। ਉਹਦਾ ਸਾਰਾ ਪਰਿਵਾਰ ਉਸੇ ਪਾਸੇ ਲੱਗ ਜਾਂਦਾ ਹੈ। ਕਿਉਂਕਿ ਅੱਜਕੱਲ੍ਹ ਭਾਰਤ ਵਿੱਚ ਤਾਂ ਪੈਨਸ਼ਨਾਂ ਲਗਦੀਆਂ ਹਨ। ਜਿੰਨੀ ਵਾਰ ਉਹ ਚੁਣਿਆ ਜਾਂਦਾ ਹੈ, ਉਨੀ ਵਾਰ ਹੀ ਉਸ ਨੂੰ ਪੈਨਸ਼ਨ ਮਿਲਦੀ ਹੈ। ਇਹ ਕੋਈ ਸਰਕਾਰੀ ਨੌਕਰੀ ਨਹੀਂ ਹੈ, ਇੱਕ ਸਰਕਾਰੀ ਮੁਲਾਜ਼ਮ ਪੰਝੀ-ਤੀਹ ਸਾਲ ਕੰਮ ਕਰਦਾ ਹੈ ਅਤੇ ਉਹਨੂੰ ਆਪਣੀ ਪੈਨਸ਼ਨ ਲੈਣ ਲਈ ਦਰ-ਦਰ ਰੁਲਣਾ ਪੈਂਦਾ ਹੈ। ਇਹਨਾਂ ਨੂੰ ਘਰ ਬੈਠੇ ਹੀ ਪੈਨਸ਼ਨ ਮਿਲਦੀ ਰਹਿੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਸਿੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਲੋਕਤੰਤਰੀ ਰਾਜ ਨੂੰ ਚਲਾਉਣ ਲਈ ਕਿਹੜੇ ਸਿਧਾਂਤ ਅਪਣਾਏ ਅਤੇ ਰਾਜ ਕੀਤਾ।

ਵੈਬੀਨਾਰ

ਸ਼ਾਂਤੀ ਦਿਵਸ

ਗੁਰਚਰਨ ਸਿੰਘ ਜੀ ਵੈਬੀਨਾਰ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਹ ਦਿਵਸ ਪਹਿਲੀ ਵਾਰ 1982ਈ ਵਿੱਚ ਮਨਾਇਆ ਗਿਆ। ਅੱਜ ਅਸੀਂ ਇਹ ਦਿਨ ਮਨਾ ਰਹੇ ਹਾਂ। ਪੰਜਾਬੀ ਵਿੱਚ ਅਸੀਂ ਇਸਨੂੰ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਕਹਿ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸ਼ਾਂਤੀ ਨਹੀਂ ਵਿਕਦੀ। ਉਨ੍ਹਾਂ ਕਿਹਾ ਕਿ ਮਨੁੱਖ ਦਾ ਆਪਣਾ ਅੰਦਰ ਸ਼ਾਂਤ ਹੋਵੇਗਾ ਤੇ ਫਿਰ ਉਹ ਸੰਸਾਰ ਵਿਚ ਸ਼ਾਂਤੀ ਸਥਾਪਿਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਨਫ਼ਰਤ ਨਾਲ ਸ਼ਾਂਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਕੇਵਲ ਪਿਆਰ ਹੀ ਸੰਸਾਰ ਵਿੱਚ ਸ਼ਾਂਤੀ ਲਿਆ ਸਕਦਾ ਹੈ।

ਡਾ. ਹਿਨਾ ਨੇ ਕਿਹਾ ਕਿ ਜੇਕਰ ਅਸੀਂ ਸ਼ਾਂਤੀ ਦੀ ਗੱਲ ਕਰੀਏ ਤਾਂ ਸ਼ਾਂਤੀ ਸਰਹੱਦਾਂ ਤੋਂ ਦੂਰ ਹੈ। ਮੇਰੀ ਸੋਚ ਹੈ ਕਿ ਸ਼ਾਂਤੀ ਧਰਮ ਅਤੇ ਰਾਸ਼ਟਰੀ ਸਰਹੱਦਾਂ ਤੋਂ ਪਾਰ ਹੁੰਦੀ ਹੈ। ਜੇਕਰ ਅਸੀਂ ਮਨੁੱਖ ਵਜੋਂ ਸੋਚੀਏ ਤਾਂ ਹੀ ਸ਼ਾਂਤੀ ਸਥਾਪਿਤ ਹੋ ਸਕਦੀ ਹੈ।

ਰਣਜੀਤ ਸਿੰਘ ਧਾਲੀਵਾਲ ਐਡਵੋਕੇਟ ਨੇ ਕਿਹਾ ਕਿ ਆਤਮ ਸੁਧਾਰ ਹੀ ਸਭ ਤੋਂ ਵੱਡੀ ਸੇਵਾ ਹੈ। ਅਸੀਂ ਆਪਣੀਆਂ ਆਦਤਾਂ ਨੂੰ ਨਹੀਂ ਬਦਲ ਸਕਦੇ ਅਤੇ ਦੂਜਿਆਂ ਦੀਆਂ ਆਦਤਾਂ ਨੂੰ ਬਦਲਣਾ ਚਾਹੁੰਦੇ ਹਾਂ। ਸ਼ਾਂਤੀ ਬਣਾਉਣ ਦੀ ਸ਼ੁਰੂਆਤ ਆਪਣੇ ਆਪ ਤੋਂ ਹੁੰਦੀ ਹੈ।

ਬਲਜਿੰਦਰ ਸਿੰਘ ਨੇ ਕਿਹਾ ਕਿ ਅੱਜ ਦੇ ਇਤਿਹਾਸ ਵਿੱਚ ਸਮੱਸਿਆ ਸ਼ਾਂਤੀ ਦੀ ਹੈ। ਸਾਨੂੰ ਜੋ ਧਰਮ ਮਿਲਿਆ ਹੈ, ਉਹ ਸਾਨੂੰ ਸੰਗਠਿਤ ਕਰਨ ਲਈ ਦਿੱਤਾ ਗਿਆ ਹੈ। ਜੇਕਰ ਅਸੀਂ ਸਾਰੇ ਗੁਰੂ ਨਾਨਕ ਦੇਵ ਜੀ ਦੇ ਕਹੇ ‘‘ਕੁਝ ਸੁਣੋ, ਕੁਝ ਕਹੋ’’ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਈਏ ਤਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

ਡਾ: ਸੁਖਦੇਵ ਸਿੰਘ ਨੇ ਕਿਹਾ ਕਿ ਅਸੀਂ ਪ੍ਰਚਾਰਕਾਂ ਵੱਲੋਂ ਵੰਡੇ ਹੋਏ ਹਾਂ। ਅਸੀਂ ਸਿਰਫ ਆਪਣੇ ਆਪ ਨੂੰ ਸੁਧਾਰ ਸਕਦੇ ਹਾਂ। ਸਾਨੂੰ ਧਰਮਾਂ ਦੀ ਲੜਾਈ ਤੋਂ ਉੱਪਰ ਉੱਠ ਕੇ ਚੰਗੇ ਕੰਮ ਕਰਨ ਦੀ ਲੋੜ ਹੈ। ਕੇਵਲ ਚੰਗੇ ਕੰਮ ਹੀ ਸੰਸਾਰ ਵਿੱਚ ਸ਼ਾਂਤੀ ਲਿਆ ਸਕਦੇ ਹਨ।

ਮੇਜਰ ਸਿੰਘ ਪੰਜਾਬੀ ਨੇ ਕਿਹਾ ਕਿ ਦੁਨੀਆਂ ਵਿੱਚ ਆਏ ਸਾਰੇ ਆਗੂਆਂ ਨੇ ਸ਼ਾਂਤੀ ਦੀ ਗੱਲ ਕੀਤੀ ਹੈ। ਅਸੀਂ ਗੱਲ ਕਰਦੇ ਹਾਂ ਗੁਰਬਾਣੀ ਵਿੱਚ ਸਾਫ਼-ਸਾਫ਼ ਲਿਖਿਆ ਹੋਇਆ ਹੈ ਕਿ ‘‘ਗਲੀ ਅਸੀਂ ਚੰਗੀਆਂ ਅਚਾਰੀ ਬੁਰੀਆਂ’’। ਅਸੀਂ ਬਹੁਤ ਚੰਗੀਆਂ ਗੱਲਾਂ ਕਰਦੇ ਹਾਂ, ਪਰ ਸਾਡੇ ਦਿਲਾਂ ਵਿੱਚ ਇੱਕ ਦੂਜੇ ਲਈ ਨਫ਼ਰਤ ਸਾਨੂੰ ਹਰ ਥਾਂ ਮਾਰਦੀ ਹੈ, ਪਰਿਵਾਰਾਂ ਵਿੱਚ ਲੜਾਈਆਂ ਦਾ ਕਾਰਨ ਬਣਦੀ ਹੈ। ਇਹ ਸੰਸਾਰ ਵੀ ਇੱਕ ਪਰਿਵਾਰ ਹੈ। ਜੇਕਰ ਅਸੀਂ ਇਸ ਨਫ਼ਰਤ ਨੂੰ ਖ਼ਤਮ ਕਰ ਦੇਈਏ ਤਾਂ ਸਾਰੀ ਸਮੱਸਿਆ ਹੱਲ ਹੋ ਜਾਂਦੀ ਹੈ।

ਵੈਬੀਨਾਰ

ਜੋਤੀ ਜੋਤ ਬਾਬਾ ਗੁਰੂ ਨਾਨਕ ਜੀ

ਡਾ. ਗੁਰਚਰਨ ਸਿੰਘ ਨੇ ਕਿਹਾ ਕਿ ਇਹ ਇੱਕ ਅਟੱਲ ਸੱਚਾਈ ਹੈ ਕਿ ਇੱਕ ਬਲਦਾ ਦੀਵਾ ਹੀ ਦੂਜਾ ਦੀਵਾ ਜਗਾ ਸਕਦਾ ਹੈ। ਜੇਕਰ ਇਹ ਜੋਤਿ ਮੁੜ ਅਕਾਲ ਪੁਰਖ ਵਿੱਚ ਲੀਨ ਹੋ ਜਾਂਦੀ ਹੈ, ਤਾਂ ਇਹ ਕਿਸੇ ਹੋਰ ਸਰੀਰ ਵਿੱਚ ਟਿਕਾਈ ਨਹੀਂ ਜਾ ਸਕਦੀ। ਇਸ ਲਈ ਗੁਰੂ ਦਾ ਜੋਤਿ ਨਿਰੰਕਾਰ ਵਿੱਚ ਨਹੀਂ ਸੀ, ਸਗੋਂ 2 ਸਤੰਬਰ 1539ਈ. ਨੂੰ ਆਪਣੇ ਹੱਥੀਂ ਬਾਬਾ ਲਹਿਣਾ ਜੀ ਦੇ ਸਰੀਰ ਵਿੱਚ ਇਲਾਹੀ ਜੋਤਿ ਪਾ ਦਿੱਤੀ ਗਈ। ਉਹਨਾਂ ਨੇ ਆਪਣਾ ਅੰਗ ਬਣਾ ਕੇ ਗੁਰੂ ਪਦਵੀ ਦੀ ਬਖਸ਼ੀਸ਼ ਕਰਕੇ ਗੁਰੂ ਅੰਗਦ ਥਾਪ ਦਿੱਤਾ। ਗੁਰੂ ਸਿੰਘਾਸਨ ਉੱਤੇ ਗੁਰੂ ਅੰਗਦ ਜੀ ਨੂੰ ਬਿਠਾ ਕੇ ਆਪ ਜੀ ਸੰਗਤ ਵਿੱਚ ਜਾ ਬੈਠੇ। ਇਸ ਲਈ ਗੁਰੂ ਜੀ ਜੋਤੀ ਜੋਤਿ ਨਹੀਂ ਸਮਾਏ। ਇਸ ਲਈ ਅਸੀਂ ਗੁਰੂ ਨਾਨਕ ਜੀ ਅਤੇ ਨੌਂ ਸਿੱਖ ਗੁਰੂਆਂ ਲਈ 'ਜੋਤੀ ਜੋਤਿ ਸਮਾਣਾ' ਸ਼ਬਦ ਦੀ ਵਰਤੋਂ ਨਹੀਂ ਕਰ ਸਕਦੇ। ਉਹਨਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਦੱਸ ਸਿੱਖ ਗੁਰੂਆਂ ਨੇ ਆਪਣੇ ਜੀਵਨ ਕਾਲ ਦੌਰਾਨ ਅਗਲੇ ਗੁਰੂ ਸਾਹਿਬ ਦੇ ਸਰੀਰ ਵਿੱਚ ਇਲਾਹੀ ਜੋਤਿ ਦਾ ਪ੍ਰਕਾਸ਼ ਕੀਤਾ ਸੀ। ਇਸ ਤਰ੍ਹਾਂ, ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਉਨ੍ਹਾਂ ਨੇ ਪੋਥੀ ਪਰਮੇਸ਼ਰ ਦੇ ਸਥਾਨ 'ਤੇ ਇਲਾਹੀ ਜੋਤਿ ਰੱਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਬੈਠ ਗਏ। ਇਸ ਲਈ ਉਹ ਬ੍ਰਹਮ ਪ੍ਰਕਾਸ਼ ਅਜੇ ਵੀ ਚਮਕ ਰਿਹਾ ਹੈ ਅਤੇ ਸਾਰੇ ਸੰਸਾਰ ਨੂੰ ਪ੍ਰਕਾਸ਼ਮਾਨ ਕਰ ਰਿਹਾ ਹੈ। ਇਸ ਲਈ ਸਿੱਖ ਗੁਰੂ ਸਾਹਿਬਾਨ ਦੇ ਅਕਾਲ ਚਲਾਣੇ ਨੂੰ ਜੋਤੀ ਜੋਤਿ ਸਮਾਨਾ ਕਹਿਨਾ ਕਰਤਾ ਪੁਰਖ ਦੇ ਵਰਤਾਰੇ ਦੀ ਘੋਰ ਉਲੰਘਣਾ ਹੈ।

ਹਰਜਿੰਦਰ ਸਿੰਘ ਦਿਲਗੀਰ ਜੀ ਨੇ ਦੱਸਿਆ ਕਿ ਗੁਰੂ ਨਾਨਕ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਜਿਹੜਾ ਕਹਿਆ ਜਾਂਦਾ ਹੈ ਕਿ ਨਾਨਕ ਨਾਮ ਲੇਵਾ ਸੰਗਤਾਂ ਵਿੱਚ ਜੇਹੜਾ ਝਗੜਾ ਹੋਇਆ ਤੇ ਉਹਦੇ ਸਿਟੇ ਵਿੱਚ ਮੁਸਲਮਾਨਾਂ ਨੇ ਚਾਦਰ ਤੇ ਫੁਲ ਦਫ਼ਨ ਕੀਤੇ ਜਦਕਿ ਅਧੀ ਚਾਦਰ ਤੇ ਫੁਲ ਹਿੰਦੂ ਨਾਨਕ ਨਾਮ ਲੇਵਾ ਸੰਗਤਾਂ ਨੇ ਸਸਕਾਰ ਕੀਤਾ। ਇਹ ਕਹਾਣੀ ਸੁਣਨ ਨੂੰ ਤੇ ਚੰਗੀ ਲਗਦੀ ਹੈ ਪਰ ਹਕੀਕਤ ਵਿੱਚ ਨਹੀਂ ਹੈ। ਕਿਉਂਕਿ ਗੁਰੂ ਨਾਨਕ ਜੀ ਦੀ ਪਤਨੀ ਅਤੇ ਪੁੱਤਰ ਵੀ ਮੌਜੂਦ ਸਨ। ਅਤੇ ਆਮ ਰਿਵਾਜ ਹੈ ਕਿ ਪਰਿਵਾਰ ਸਸਕਾਰ ਕਰਦਾ ਹੈ। ਇਸ ਲਈ ਇਹ ਕਹਾਣੀ ਬਣਾਈ ਬੜੀ ਸੋਹਣੀ ਗਈ ਹੈ। ਸਿੱਖਿਆ ਚੰਗੀ ਦਿੰਦੀ ਹੈ ਕਿ ਹਿੰਦੂ ਮੁਸਲਮਾਨ ਗੁਰੂ ਨਾਨਕ ਜੀ ਨੂੰ ਆਪਣਾ ਪੀਰ ਅਤੇ ਗੁਰੂ ਮੰਨਦੇ ਸਨ। ਇਹ ਇੱਕ ਸੁੰਦਰ ਕਹਾਣੀ ਹੈ। ਪਰ ਮੈਂ ਸਮਝਦਾਂ ਕਿ ਗੁਰੂ ਨਾਨਕ ਜੀ ਦਾ ਸਸਕਾਰ ਮਾਤਾ ਸੁਲਖਣੀ ਜੀ ਅਤੇ ਗੁਰੂ ਨਾਨਕ ਜੀ ਦੇ ਸਪੁਤਰਾਂ ਨੇ ਤੇ ਜਿਹੜੇ ਲੋਕ ਉਸ ਵੇਲੇ ਮੌਜੂਦ ਸਨ, ਨੇ ਕੀਤਾ। ਇਤਿਹਾਸਕ ਤੱਥ ਦੱਸਦੇ ਹਨ ਕਿ ਗੁਰੂ ਜੀ ਦੇ ਅਵਸ਼ੇਸ਼ਾਂ ਨੂੰ ਉਨ੍ਹਾਂ ਦੇ ਪੁੱਤਰ ਸ੍ਰੀ ਚੰਦ ਨੇ ਦਫ਼ਨਾ ਕੇ ਦੇਹਰਾ ਬਣਾ ਦਿੱਤਾ।

ਡਾ. ਦਿਲਜੀਤ ਸਿੰਘ ਵਿਰਕ ਨੇ ਕਿਹਾ ਕਿ ਧਰਮ ਭਰਮ 'ਤੇ ਆਧਾਰਿਤ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਜੇਕਰ ਬਹੁਤ ਸਾਰੀਆਂ ਤਰਕਸ਼ੀਲ ਗੱਲਾਂ

ਕਹੀਆਂ ਜਾਣ ਤਾਂ ਅਸੀਂ ਧਰਮਾਂ ਵਿੱਚ ਉਲਝਣ ਲੱਗ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਜੀ ਜਨਮ ਤੋਂ ਹੀ ਗੁਰੂ ਸਨ। ਉਨ੍ਹਾਂ ਨੂੰ ਕਿਸੇ ਨੇ ਗੁਰਿਆਈ ਨਹੀਂ ਸੀ ਬਖ਼ਸ਼ੀ। ਰੱਬ ਨੇ ਆਪ ਉਹਨਾਂ ਨੂੰ ਗੁਰਿਆਈ ਬਖ਼ਸ਼ੀ ਸੀ।

ਗੁਰਮੇਲ ਕੌਰ ਸਾਂਘਾ ਜੀ ਨੇ ਕਿਹਾ ਕਿ ਗੁਰੂ ਨਾਨਕ ਜੀ ਉਸ ਸਮੇਂ ਸੰਸਾਰ ਵਿੱਚ ਆਏ ਜਦੋਂ ਜ਼ੁਲਮ ਅਤੇ ਜਾਤ-ਪਾਤ ਦਾ ਘੋਰ ਹਨੇਰਾ ਛਾਇਆ ਹੋਇਆ ਸੀ। ਗੁਰੂ ਜੀ ਨੇ ਸੰਸਾਰ ਨੂੰ ਇਸ ਹਨੇਰੇ ਤੋਂ ਮੁਕਤ ਕੀਤਾ ਅਤੇ ਇਸ ਨੂੰ ਸਹੀ ਮਾਰਗ 'ਤੇ ਪਾਇਆ।

ਰਣਜੀਤ ਸਿੰਘ ਧਾਲੀਵਾਲ ਐਡਵੋਕੇਟ ਨੇ ਵੈਬੀਨਾਰ ਵਿੱਚ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਨਾਨਕ ਜੀ ਦਾ ਵਰਤਾਰਾ ਅੱਜ ਵੀ ਚੱਲ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਸਾਨੂੰ ਜੋ ਸਿਧਾਂਤ ਦਿੱਤੇ ਹਨ, ਉਹ ਮੂਲ ਮੰਤਰ ਵਿੱਚ ਸਪਸ਼ਟ ਹਨ।

ਅਸ਼ੋਕ ਭੰਡਾਰੀ ਨੇ ਕਿਹਾ ਕਿ ਗੁਰੂ ਨਾਨਕ ਜੀ ਦੀਆਂ ਸਿੱਖਿਆਵਾਂ ਅਨੁਸਾਰ ਉਨ੍ਹਾਂ ਨੇ ਔਰਤਾਂ ਨੂੰ ਸਿੱਖਿਅਤ ਕਰਨ 'ਤੇ ਜ਼ੋਰ ਦਿੱਤਾ ਤਾਂ ਜੋ ਸਾਡੀਆਂ ਪੀੜ੍ਹੀਆਂ ਸਿੱਖਿਅਤ ਹੋਣ।

ਰਵਿੰਦਰ ਕੌਰ ਭਾਟੀਆ ਨੇ ਕਿਹਾ ਕਿ ਅਸੀਂ ਗੁਰਦੁਆਰੇ ਜਾ ਕੇ ਭਜਨ ਤੇ ਕੀਰਤਨ ਸੁਣਦੇ ਹਾਂ ਪਰ ਅਮਲ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਸਾਨੂੰ ਬਾਣੀ ਨੂੰ ਸੁਣ ਕੇ ਉਹਦੇ ਤੇ ਅਮਲ ਕਰਨਾ ਚਾਹੀਦਾ ਹੈ।

ਇੰਜਨੀਅਰ ਡੀ.ਐਮ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਸ੍ਰੀ ਗੁਰੂ ਨਾਨਕ ਜੀ ਦਾ ਜੋਤੀ ਜੋਤਿ ਦਿਹਾੜ ਹੈ। ਗੁਰੂ ਨਾਨਕ ਜੀ ਨੇ ਸਾਨੂੰ ਪ੍ਰਮਾਤਮਾ ਦੀ ਏਕਤਾ ਦਾ ਮਾਰਗ ਦਿਖਾਇਆ।

ਗੁਰਿੰਦਰ ਸਿੰਘ ਮਾਨ ਨੇ ਕਿਹਾ ਕਿ ਮੈਂ ਜਦੋਂ ਬਾਬੇ ਨਾਨਕ ਬਾਰੇ ਸੋਚਦਾਂ ਤੇ ਅੱਲਾਮਾ ਇਕਬਾਲ ਦੀ ਲਾਈਨ ਨੂੰ ਕੋਡ ਕੀਤੇ ਬਗ਼ੈਰ ਰਿਹਾ ਨਹੀਂ ਜਾਸਕਦਾ। ਉਹ ਇਹ ਕਿ ‘‘ਫਿਰ ਉੱਠੀ ਸਦਾ ਆਖ਼ਿਰ ਪੰਜਾਬ ਸੇ, ਹਿੰਦ ਕੋ ਏਕ ਮਰਦ-ਏ-ਕਾਮਿਲ ਨੇ ਜਗਾਇਆ ਖ਼ਾਬ ਸੇ’।

ਵੈਬੀਨਾਰ

ਅੰਤਰਰਾਸ਼ਟਰੀ ਸੈਰ-ਸਪਾਟਾ ਦਿਵਸ

ਸੈਰ-ਸਪਾਟਾ ਦਿਵਸ ਬਾਰੇ ਬੋਲਦਿਆਂ ਮੁਹੰਮਦ ਮੋਵਾਹਿਦ ਖਾਨ ਨੇ ਕਿਹਾ ਕਿ ਜਿੱਥੋਂ ਤੱਕ ਸੈਰ-ਸਪਾਟੇ ਦਾ ਸਵਾਲ ਹੈ, ਮੈਂ ਸਮਝਦਾ ਹਾਂ ਕਿ ਦੋ ਵੱਖ-ਵੱਖ ਥਾਵਾਂ ਦੇ ਲੋਕਾਂ ਦਾ ਇੱਕ ਦੂਜੇ ਨੂੰ ਮਿਲਣਾ ਅਤੇ ਸਮਝਣਾ ਬਹੁਤ ਜ਼ਰੂਰੀ ਹੈ। ਦੋ ਵੱਖ-ਵੱਖ ਵਿਚਾਰਾਂ ਵਾਲੇ ਲੋਕਾਂ ਨੂੰ ਇੱਕ ਦੂਜੇ ਨਾਲ ਮਿਲਣ ਅਤੇ ਗੱਲ ਕਰਨ ਦਾ ਮੌਕਾ ਮਿਲਦਾ ਹੈ। ਮੈਨੂੰ ਲੱਗਦਾ ਹੈ ਕਿ ਪਾਕਿਸਤਾਨ ਦੇ ਸਿੱਖਾਂ ਨਾਲ ਚੰਗੇ ਸਬੰਧ ਹਨ ਅਤੇ ਟੂਅਰਇਜ਼ਮ ਇਸ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ। ਖਾਸ ਕਰਕੇ ਉਹ ਜੋ ਕਿ ਧਾਰਮਿਕ ਟੂਅਰਇਜ਼ਮ ਹੈ। ਮੈਨੂੰ ਲੱਗਦਾ ਹੈ ਕਿ ਟੂਅਰਇਜ਼ਮ ਲੋਕਾਂ ਨੂੰ ਨਵੇਂ ਵਿਚਾਰਾਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਅਤੇ ਵਧੇਰੇ ਖੁੱਲ੍ਹੇ ਦਿਮਾਗ਼ ਵਾਲਾ ਬਣਾਉਂਦਾ ਹੈ।

ਪੰਜਾਬ ਟੂਅਰਇਜ਼ਮ ਵਿਭਾਗ ਦੇ ਸੰਚਾਲਨ ਮੈਨੇਜਰ ਵਾਹਿਦ ਅਰਜਮੰਦ ਜ਼ਿਆ ਨੇ ਵੈਬੀਨਾਰ ਨੂੰ ਦੱਸਿਆ ਕਿ ਅਸੀਂ ਟੂਅਰਇਜ਼ਮ ਦੇ ਮਾਮਲੇ ਵਿੱਚ ਪਹਿਲਾਂ ਹੀ ਬਹੁਤ ਕੰਮ ਕਰ ਰਹੇ ਹਾਂ। ਅਸੀਂ ਧਾਰਮਿਕ ਟੂਅਰਇਜ਼ਮ ਨੂੰ ਉਤਸ਼ਾਹਿਤ ਕਰਨ ਲਈ ਇੱਕ ਰਣਨੀਤੀ ਵਿਕਸਿਤ ਕਰ ਰਹੇ ਹਾਂ। ਜਿਹਦੇ ਵਿੱਚ ਅਸੀਂ ਵਿਸ਼ੇਸ਼ ਤੌਰ 'ਤੇ ਸਿੱਖ ਸ਼ਰਧਾਲੂਆਂ ਲਈ ਸਹੂਲਤਾਂ ਪ੍ਰਦਾਨ ਕਰ ਰਹੇ ਹਾਂ।

ਸ੍ਰ. ਗੁਰਚਰਨ ਸਿੰਘ ਜੀ ਨੇ ਦੱਸਿਆ ਕਿ ਵਰਲਡ ਟੂਅਰਇਜ਼ਮ ਦੀ ਸਥਾਪਨਾ 1980ਈ ਵਿੱਚ ਹੋਈ ਸੀ। ਉਨ੍ਹਾਂ ਕਿਹਾ ਕਿ ਦੁਨੀਆ ਦੇ ਬਹੁਤ ਸਾਰੇ ਲੋਕਾਂ ਨੇ ਦੁਨੀਆ ਭਰ ਦੀ ਯਾਤਰਾ ਕੀਤੀ ਹੈ, ਜਿਨ੍ਹਾਂ ਵਿੱਚ ਕੋਲੰਬਸ ਅਤੇ ਵਾਸਕੋਡੇ ਗਾਮਾ ਵਰਗੇ ਲੋਕ ਸ਼ਾਮਲ ਹਨ। ਪਰ ਉਨ੍ਹਾਂ ਦੇ ਸਫ਼ਰ ਸੁਆਰਥੀ ਸਨ। ਜੇਕਰ ਅਸੀਂ ਮਹਾਨ ਬ੍ਰਹਮ ਆਗੂ ਗੁਰੂ ਨਾਨਕ ਜੀ ਦੀ ਗੱਲ ਕਰੀਏ ਤਾਂ ਗੁਰੂ ਨਾਨਕ ਜੀ ਸੰਸਾਰ ਦੇ ਮਹਾਨ ਯਾਤਰੀਆਂ ਵਿੱਚੋਂ ਇੱਕ ਹਨ। ਜਿਹਨਾਂ ਨੇ ਬਿਨਾਂ ਕਿਸੇ ਸਵਾਰਥ ਦੇ 80 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਜੋ ਕਿ ਚਾਰ ਪੜਾਵਾਂ ਵਿੱਚ ਮੁਕੰਮਲ ਹੋਈਆਂ ਹਨ। ਅਤੇ ਇਹਨਾਂ ਯਾਤਰਾਵਾਂ ਵਿੱਚ ਗੁਰੂ ਨਾਨਕ ਜੀ ਨੇ ਕੁਰਾਹੇ ਪਈ ਲੋਕਾਈ ਨੂੰ ਰਾਹੇ ਪਾਇਆ। ਉਨ੍ਹਾਂ ਵੱਖ-ਵੱਖ ਧਰਮਾਂ ਦੇ ਧਾਰਮਿਕ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਨ੍ਹਾਂ ਨੂੰ ਰੱਬੀ ਮਾਰਗ ਵੱਲ ਸੇਧਤ ਕੀਤੀ। ਜਿਨ੍ਹਾਂ ਦੀਆਂ ਯਾਤਰਾਵਾਂ ਅੱਜ ਸਾਡੇ ਥੀਮ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀਆਂ ਹਨ।

ਕੁਸ਼ਲ ਪਾਲ ਸਿੰਘ ਨੇ ਕਿਹਾ ਕਿ ਸਾਡੀਆਂ ਸਰਕਾਰਾਂ ਨੇ ਪਾਕਿਸਤਾਨ ਜਾਨ ਨੂੰ ਇਕ ਹੱਵਾ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਲੋਕਾਂ ਕਾਰਨ ਨਹੀਂ ਸਗੋਂ ਸਰਕਾਰਾਂ ਕਾਰਨ ਹੈ ਕਿ ਸਾਡਾ ਪਾਕਿਸਤਾਨ ਆਉਣਾ-ਜਾਣਾ ਮੁਸ਼ਕਲ ਹੈ। ਸਾਨੂੰ ਇਸ 'ਤੇ ਕੰਮ ਕਰਨ ਦੀ ਲੋੜ ਹੈ।

ਪਰਮਜੀਤ ਸਿੰਘ ਜੀ ਨੇ ਵੈਬੀਨਾਰ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਉਹ ਲਾਹੌਰ ਗਿਆ ਸੀ ਪਰ ਵਾਪਸ ਆ ਕੇ ਮਹਿਸੂਸ ਹੋਇਆ ਕਿ ਉਹ ਲਾਹੌਰ ਨਹੀਂ ਦੇਖ ਸਕਿਆ। ਮੈਨੂੰ

ਲੱਗਦਾ ਹੈ ਕਿ ਲਾਹੌਰ ਦੇਖਣ ਲਈ ਬਹੁਤ ਸਾਰੇ ਟੂਰ ਕਰਨੇ ਪੈਣਗੇ।

ਵੈਬੀਨਾਰ ਨੂੰ ਸੰਬੋਧਨ ਕਰਦਿਆਂ ਸਾਹਿਬਜ਼ਾਦਾ ਮਸੂਦ ਅਹਿਮਦ ਨੇ ਕਿਹਾ ਕਿ ਗੱਲ ਹੋਈ ਹੈ ਮੁਸਲਿਮ-ਸਿੱਖ ਭਾਈਚਾਰੇ ਦੀ। ਮੈਂ ਇੱਥੇ ਇਸ ਦਾ ਥੋੜਾ ਵਿਸਤਾਰ ਕਰਨਾ ਚਾਹਾਂਗਾ ਕਿਉਂਕਿ ਪੰਜਾਬ ਵਿੱਚ ਸਿਰਫ਼ ਮੁਸਲਮਾਨ ਅਤੇ ਸਿੱਖ ਹੀ ਨਹੀਂ ਰਹਿੰਦੇ, ਸਗੋਂ ਹਿੰਦੂ, ਈਸਾਈ, ਗ਼ੈਰ-ਵਿਸ਼ਵਾਸੀ ਅਤੇ ਹੋਰ ਧਰਮਾਂ ਦੇ ਲੋਕ ਵੀ ਰਹਿੰਦੇ ਹਨ। ਸਾਨੂੰ ਉਨ੍ਹਾਂ ਸਾਰਿਆਂ ਬਾਰੇ ਗੱਲ ਕਰਨੀ ਚਾਹੀਦੀ ਹੈ। ਉਹਨਾਂ ਨੇ ਦੱਸਿਆ ਕਿ ਮੈਂ ਸਾਲ ਵਿੱਚ ਤਿੰਨ ਵਾਰ ਪੂਰਬੀ ਪੰਜਾਬ ਜਾਂਦਾ ਅਤੇ ਤਿੰਨ ਮਹੀਨੇ ਉੱਥੇ ਰਹਿੰਦਾ ਹਾਂ।

ਡਾ. ਸੁਖਦੇਵ ਸਿੰਘ ਕਾਹਲੋਂ ਨੇ ਕਿਹਾ ਕਿ ਸਾਨੂੰ ਇੱਕ ਦੂਜੇ ਨਾਲ ਪਿਆਰ ਦੀ ਗੱਲ ਕਰਨੀ ਚਾਹੀਦੀ ਹੈ। ਭਾਵੇਂ ਉਹ ਵੈੱਬੀਨਾਰ ਰਾਹੀਂ ਹੋਵੇ ਅਤੇ ਭਾਵੇਂ ਮਿਲ ਕੇ ਹੋਵੇ। ਅਸੀਂ ਇੱਕ ਦੂਜੇ ਦੇ ਕੋਲ ਤਾਂ ਹੀ ਆਸਾਨੀ ਨਾਲ ਆ ਸਕਦੇ ਹਾਂ ਜੇਕਰ ਅਸੀਂ ਸਰਕਾਰਾਂ ਨਾਲ ਮਿਲ ਕੇ ਆਪਣਾ ਮਾਮਲਾ ਅੱਗੇ ਰੱਖਾਂਗੇ।

ਮੋਹਨ ਸਿੰਘ ਨੇ ਕਿਹਾ ਕਿ ਟੂਅਰਇਜ਼ਮ ਤੇ ਤੀਰਥ ਯਾਤਰਾ ਤੇ ਸਾਂਝੇ ਪੰਜਾਬ ਦੀ ਗੱਲ ਹੋਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਜ਼ਮੀਨਾਂ ਵੰਡੀਆਂ ਗਈਆਂ ਹਨ ਪਰ ਸਾਡੇ ਦਿਲਾਂ ਦੀ ਵੰਡ ਨਹੀਂ ਹੋਈ।

ਸੁਪਰੀਮ ਸਿੱਖ ਕੌਂਸਲ ਇੰਡੀਅਨ ਫੇਅਰ ਕਮੇਟੀ ਦੇ ਚੇਅਰਮੈਨ ਹਰਦਿਆਲ ਸਿੰਘ ਨੇ ਵੈਬਿਨਾਰ ਨੂੰ ਦੱਸਿਆ ਕਿ ਸਾਲ ਭਰ ਵਿੱਚ ਤਿੰਨ ਗਰੁੱਪ ਪਾਕਿਸਤਾਨ ਜਾਂਦੇ ਹਨ। ਉਨ੍ਹਾਂ ਕਿਹਾ ਕਿ ਯੂਰਪ ਵਿੱਚ ਕਈ ਅਜਿਹੇ ਦੇਸ਼ ਹਨ ਜੋ ਸਿਰਫ਼ ਟੂਅਰਇਜ਼ਮ 'ਤੇ ਚੱਲਦੇ ਹਨ। ਜਿਵੇਂ ਕਿ ਸਵਿਟਜ਼ਰਲੈਂਡ ਹੈ ਉਹ ਚਲਦਾ ਹੀ ਟੂਅਰਇਜ਼ਮ ਦੇ ਸਿਰ ਤੇ ਹੈ। ਇਸ ਲਈ ਸਾਨੂੰ ਟੂਅਰਇਜ਼ਮ ਨੂੰ ਉਤਸ਼ਾਹਿਤ ਕਰਨ ਲਈ ਖਾਸ ਕਰਕੇ ਪਾਕਿਸਤਾਨ ਦੇ ਟੂਅਰਇਜ਼ਮ ਲਈ ਬਹੁਤ ਉਪਰਾਲੇ ਕਰਨ ਦੀ ਲੋੜ ਹੈ।

ਵੈਬੀਨਾਰ

ਪਾਸ ਸਿੰਘ ਪੁਰੇਵਾਲ

ਪਾਲ ਸਿੰਘ ਪੁਰੇਵਾਲ ਬਾਰੇ ਬੋਲਦਿਆਂ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਪਾਲ ਸਿੰਘ ਪੁਰੇਵਾਲ ਨੇ ਆਪਣਾ ਜੀਵਨ ਬਹੁਤ ਉਚੇਚੇ ਤੌਰ 'ਤੇ ਬਤੀਤ ਕੀਤਾ| ਉਹਨਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਮੂਲ ਨਾਨਕ ਸ਼ਾਹੀ ਕੈਲੰਡਰ ਹੈ। ਉਹ ਸਿੱਖ ਕੌਮ ਲਈ ਚੰਗੀ ਵਿਰਾਸਤ ਛੱਡ ਗਏ। ਉਹ ਸਿਵਲ ਇੰਜੀਨੀਅਰ ਵੀ ਸਨ। ਉਨ੍ਹਾਂ ਨੇ ਇੰਜਨੀਅਰਿੰਗ ਦੇ ਖੇਤਰ ਵਿੱਚ ਵੀ ਆਪਣਾ ਨਾਂ ਕਮਾਇਆ ਹੈ।

ਸਰਬਜੀਤ ਸਿੰਘ ਨੇ ਵੈਬੀਨਾਰ ਦੇ ਭਾਗੀਦਾਰਾਂ ਨੂੰ ਦੱਸਿਆ ਕਿ ਉਹ ਪਹਿਲੀ ਵਾਰ ਪਾਲ ਸਿੰਘ ਪੁਰੇਵਾਲ ਨੂੰ 2000ਈ ਵਿੱਚ ਰੋਜ਼ਵੈਲ ਵਿੱਚ ਸਿੰਘ ਸਭਾ ਇੰਟਰਨੈਸ਼ਨਲ ਦੀ ਸਾਲਾਨਾ ਕਾਨਫਰੰਸ ਦੌਰਾਨ ਮਿਲੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਸ ਕਾਨਫਰੰਸ ਵਿੱਚ ਕੈਲੰਡਰ ਮਿਲਿਆ ਸੀ ਅਤੇ ਇਹ ਅਜੇ ਵੀ ਉਨ੍ਹਾਂ ਕੋਲ ਹੈ। ਮੈਂ ਉਹੀ ਵਰਤਦਾ ਹਾਂ। ਪਾਲ ਸਿੰਘ ਪੁਰੇਵਾਲ ਨੇ ਹਿਜਰੀ ਕੈਲੰਡਰ ਦਾ ਸੰਕਲਨ ਵੀ ਕੀਤਾ ਹੈ।

ਇਰਵਿੰਦ ਪ੍ਰੀਤ ਨੇ ਪਾਲ ਸਿੰਘ ਪੁਰੇਵਾਲ ਦੀਆਂ ਵਿਦਿਅਕ ਯੋਗਤਾਵਾਂ ਬਾਰੇ ਦੱਸਿਆ। ਫਿਰ ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਜੇਕਰ ਕਿਸੇ ਨੇ ਸਾਫਟਵੇਅਰ ਵਿੱਚ ਕੰਮ ਕੀਤਾ ਹੈ ਤਾਂ ਉਹ ਹੈ ਪਾਲ ਸਿੰਘ ਪੁਰੇਵਾਲ। ਕੈਲੰਡਰ 'ਤੇ ਇਤਿਹਾਸਕਾਰ ਕਰਮ ਸਿੰਘ ਦਾ ਇਕ ਲੇਖ ਹੈ, ਜਿਸ ਨੂੰ ਲਿਖਣ ਲਗਿਆਂ ਅੱਜ ਤੋਂ ਸੌ ਸਾਲ ਪਹਿਲਾਂ ਉਹਨਾਂ ਨੂੰ ਵੀ ਮੁਸ਼ਕਲਾਂ ਪੇਸ਼ ਆਈਆਂ। ਪਾਲ ਸਿੰਘ ਪੁਰੇਵਾਲ ਜੋਤਿਸ਼ ਵਿਦਿਆ ਤੇ ਵੀ ਅਬੂਰ ਰਖਦੇ ਸਨ, ਜਿਹਦੀ ਕੈਲੰਡਰ ਬਣਾਨ ਲਈ ਲੋੜ ਵੀ ਹੁੰਦੀ ਹੈ। ਇਸ ਕੈਲੰਡਰ ਦੀ ਮੁਖ਼ਾਲਫ਼ਤ ਵੀ ਯਾਂ ਤੇ ਹਿਸਟੋਰਿਅੰਜ਼ ਨੇ ਕੀਤੀ, ਜਿਹਨਾਂ ਨੂੰ ਕੈਲੰਡਰ ਦਾ ਕੁਝ ਪਤਾ ਨਹੀਂ, ਜਿਹਨਾਂ ਨੂੰ ਕੈਲੰਡਰ ਦਾ ਪਤਾ ਹੁੰਦਾ ਹੈ ਉਹਨਾਂ ਨੂੰ ਹਿਸਟਰੀ ਦਾ ਕੁਝ ਪਤਾ ਨਹੀਂ ਹੁੰਦਾ। ਜੇ ਕਰ ਦੋਵਾਂ ਚੀਜ਼ਾਂ ਦਾ ਪਤਾ ਹੋਵੇ ਤਾਂ ਉਹਨਾਂ ਨੂੰ ਫ਼ੇਰ ਸਿੱਖ ਇਤਿਹਾਸ ਦਾ ਪਤਾ ਨਹੀਂ ਹੁੰਦਾ ਯਾਂ ਗੁਰੂ ਗ੍ਰੰਥ ਸਾਹਿਬ ਬਾਰੇ ਪਤਾ ਨਹੀਂ ਹੁੰਦਾ। ਜਿਹੜਾ ਕੰਮ ਪਾਲ ਸਿੰਘ ਪੁਰੇਵਾਲ ਨੇ ਕੀਤਾ ਹੈ ਸਿੱਖ ਕੌਮ ਉਹਨਾਂ ਦਾ ਦੇਨ ਨਹੀਂ ਦੇ ਸਕਦੀ।

ਕ੍ਰਿਪਾਲ ਸਿੰਘ ਨੇ ਵੈਬੀਨਾਰ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਪਾਲ ਸਿੰਘ ਨੂੰ ਇੱਕ ਸੈਮੀਨਾਰ ਵਿੱਚ ਮਿਲੇ ਸਨ ਅਤੇ ਤੁਸੀਂ ਜਾਣਦੇ ਹੋ ਕਿ ਸੈਮੀਨਾਰ ਵਿੱਚ ਕਿੰਨੀ ਗੱਲਬਾਤ ਹੋ ਸਕਦੀ ਹੈ। ਪਾਲ ਸਿੰਘ ਇਥੇ ਆ ਕੇ ਜਥੇਦਾਰ ਨੂੰ ਮਿਲੇ। ਪਾਲ ਸਿੰਘ ਨੂੰ ਮਿਲਿਆ ਤਾਂ ਮੈਂ ਉਹਨਾਂ ਨੂੰ ਕੈਲੰਡਰ ਬਾਰੇ ਪੁੱਛਿਆ। ਉਹਨਾਂ ਕਿਹਾ ਕਿ ਕੇਰੀ ਵੈਬਸਾਈਟ ਤੇ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ। ਪਰ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਦੱਸੋ, ਪਾਲ ਸਿੰਘ ਜੀ ਨੇ ਮੈਨੂੰ ਜਾਣਕਾਰੀ ਦਿੱਤੀ। ਮੈਂ ਇੱਕ ਖ਼ਬਰ ਬਣਾ ਕੇ ਅਖਬਾਰ ਵਿੱਚ ਪਾ ਦਿੱਤੀ। ਉਨ੍ਹਾਂ ਨੇ ਖ਼ਬਰ ਪੜ੍ਹ ਕੇ ਮੈਨੂੰ ਫ਼ੋਨ ਕੀਤਾ ਅਤੇ ਕਿਹਾ ਕਿ ਤੁਸੀਂ ਸਿੱਖ ਸਕਦੇ ਹੋ, ਇਸ ਬਾਰੇ ਸਿੱਖੋ। ਮੈਂ ਕਿੰਨਾ ਦੇਰ ਜੀਣਾ ਏਂ? ਐਨੀਆਂ ਗਲਾਂ ਕੈਲੰਡਰ ਲਾਗੂ ਹੋਣ 'ਤੇ ਕਾਫੀ ਸੀ। ਹੁਣ ਇਸ ਕੈਲੰਡਰ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਸਿੱਖੋ, ਕੈਲੰਡਰ ਦੀਆਂ ਮੁਸ਼ਕਲਾਂ ਬਾਰੇ ਗੱਲ ਕਰੋ ਅਤੇ ਇਸਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰੋ।

ਸਰਵਣ ਸਿੰਘ ਜੀ ਸ਼ਿਕਾਗੋ ਨੇ ਕਿਹਾ ਕਿ ਅਸੀਂ ਪਾਲ ਸਿੰਘ ਪੁਰੇਵਾਲ ਦੇ ਕੈਲੰਡਰ ਦੀ ਰਾਖੀ ਕਰ ਰਹੇ ਹਾਂ। ਜਿੱਥੇ ਵੀ ਸੈਮੀਨਾਰ ਆਦਿ ਹੁੰਦੇ ਹਨ ਅਸੀਂ ਉੱਥੇ ਪਹੁੰਚ ਕੇ ਕੈਲੰਡਰ ਬਾਰੇ ਗੱਲ ਕਰਦੇ ਹਾਂ।

ਪ੍ਰੀਤ ਮੋਹਨ ਜੀ ਨੇ ਕਿਹਾ ਕਿ ਸ੍ਰ. ਪਾਲ ਸਿੰਘ ਪੁਰੇਵਾਲ ਕੋਈ ਆਮ ਆਦਮੀ ਨਹੀਂ ਸੀ। ਉਹ ਸ਼ੁੱਧ ਪੁਰਸ਼ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਜਿਹੜੀ ਘਾਲਣਾ ਘਾਲੀ ਹੈ ਕੋਈ ਨਹੀਂ ਆਮ ਬੰਦਾ ਨਹੀਂ ਕਰ ਸਕਦਾ। ਉਹਨਾਂ ਦੀ ਘਾਲਣਾ ਨੂੰ ਕੁਝ ਹੱਦ ਤਕ ਮਾਂਤਾ ਵੀ ਮਿਲੀ। ਸਿੱਖ ਕੌਮ ਵਿੱਚ ਬਹੁਤ ਸਾਰੇ ਲੋਕ ਉਹਨਾਂ ਦਾ ਨਾਂ ਬੜੇ ਆਦਰ ਨਾਲ ਲੈਂਦੇ ਹਨ। ਕੁਝ ਲੋਕਾਂ ਨੇ ਇਹਨੂੰ ਆਪਣਾ ਜ਼ਾਤੀ ਮਸਲਾ ਬਣਾ ਲਿਆ ਹੈ। ਜਿਹਨਾਂ ਮੈਂ ਨਾ ਮਾਨੂ ਦੀ ਰੱਟ ਲਾਈ ਹੋਈ ਹੈ। ਉਨ੍ਹਾਂ ਨੂੰ ਅਸਲ ਵਿੱਚ ਕੈਲੰਡਰ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਵੈਬੀਨਾਰ

ਵੰਡ ਦਾ ਵ੍ਰਿਲਾਪ

ਡਾ. ਗੁਰਚਰਨ ਸਿੰਘ ਨੇ ਆਪਣੇ ਬਾਰੇ ਬੋਲਦਿਆਂ ਕਿਹਾ ਕਿ ਮੇਰਾ ਜਨਮ ਕਸੂਰ ਹੋਇਆ। ਉਹਨਾਂ ਕਿਹਾ ਕਿ ਇਹ ਸਾਰਾ ਦੁਖਾਂਤ ਮੈਂ ਆਪਣੇ ਪਿੰਡੇ ਤੇ ਹੰਢਾਇਆ ਹੈ। ਉਹਨਾਂ ਕਿਹਾ ਕਿ ਅਗਸਤ ਵਿੱਚ ਦੇਸ਼ ਦੀ ਵੰਡ ਹੋਈ ਤੇ ਇਹਦੇ ਨਾਲ ਹੀ ਫ਼ਿਰਕੂ ਦੰਗੇ ਸ਼ੁਰੂ ਹੋਗਏ। 10 ਲਖ ਲੋਕ ਬਿਨਾਂ ਕਿਸੇ ਕਾਰਣ ਦੇ ਨੇਤਾਵਾਂ ਦੀ ਅਣਦੇਖੀ ਦੀ ਭੇਂਟ ਚੜ੍ਹ ਗਏ। ਇਕ ਕਰੋੜ ਅੱਸੀ ਲਖ ਕੇ ਲਗਭਗ ਲੋਕ ਘਰੋਂ ਬੇਘਰ ਹੋਗਏ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਲੋਕ ਆਪਣਾ ਘਰ-ਬਾਰ ਛੱਡ ਕੇ ਆਪੋ-ਆਪਣੇ ਮੁਲਕਾਂ ਨੂੰ ਚਲੇ ਗਏ, ਉਨ੍ਹਾਂ ਨਾਲ ਹਮਦਰਦੀ ਕਰਨ ਦੀ ਬਜਾਏ ਉਨ੍ਹਾਂ ਨੂੰ ਸ਼ਰਨਾਰਥੀ ਕਿਹਾ ਗਿਆ। ਜਿਵੇਂ ਕੋਈ ਬੇਗਾਨੇ ਦੇਸ਼ ਜਾਕੇ ਪਨਾਹ ਲੈਂਦਾ ਹੈ ਤੇ ਉਹਨੂੰ ਰੈਫ਼ਿਊਜੀ ਕਿਹਾ ਜਾਂਦਾ ਹੈ, ਇੰਜੇ ਇਹਨਾਂ ਲੋਕਾਂ ਨਾਲ ਕੀਤਾ ਗਿਆ। ਪਨਾਹ ਤੇ ਬੇਗਾਨੇ ਲੋਕ ਮੰਗਦੇ ਨੇ, ਪਰ ਜਦੋਂ ਅਸੀਂ ਆਪਣੇ ਆਪਣੇ ਦੇਸ਼ਾਂ ਵਿੱਚ ਗਏ ਤੇ ਸਾਨੂੰ ਸ਼ਰਨਾਰਥੀ ਕਿਹਾ ਗਿਆ ਤੇ ਸ਼ਰਨਾਰਥੀ ਕੈਂਪ ਬਣਾਏ ਗਏ। ਦੋਵਾਂ ਮੁਲਕਾਂ ਵਿੱਚ ਇਹੋ ਹਾਲ ਹੋਇਆ। ਜਦੋਂ ਅਸੀਂ ਆਪਣੇ ਵਤਨ ਆਏ ਤੇ ਫ਼ੇਰ ਰੈਫ਼ਿਊਜੀ ਕਿਵੇਂ ਹੋਏ?

ਲਖਵਿੰਦਰ ਸਿੰਘ ਨੇ ਕਿਹਾ ਕਿ ਭਾਰਤ ਦੀ ਸਥਾਪਨਾ ਹੋਈ ਅਤੇ ਪਾਕਿਸਤਾਨ ਆਜ਼ਾਦ ਹੋਇਆ। ਸਾਡਾ ਪੰਜਾਬ ਬਰਬਾਦ ਹੋ ਗਿਆ ਹੈ। ਨੁਕਸਾਨ ਪੰਜਾਬ ਦਾ ਹੈ। ਪੰਜਾਬ ਵੰਡਿਆ ਗਿਆ। ਅਸਲ ਵਿੱਚ ਸਾਡੇ ਨਾਲ ਤੇ ਸਮੇਂ ਸਮੇਂ ਸਿਰ ਜ਼ੁਲਮ ਹੋਇਆ, 1984ਈ ਵਿੱਚ ਕਤਲੇਆਮ ਹੋਇਆ। ਪੰਜਾਬ ਵੰਡਿਆ ਗਿਆ, ਲਹਿੰਦੇ ਪੰਜਾਬ ਵਿੱਚੋਂ ਹਰਿਆਣਾ ਚਲਾ ਗਿਆ, ਹਿਮਾਚਲ ਚਲਾ ਗਿਆ। ਸਾਡੇ ਕੋਲ ਤੇ ਪੰਜਾਬ ਹੀ ਨਹੀਂ ਰਿਹਾ।

ਮਦਨਜੀਤ ਸਿੰਘ ਨੇ ਦੱਸਿਆ ਕਿ ਸਾਡਾ ਪਿੰਡ ਲਾਹੌਰ ਤੋਂ ਬਾਰਾਂ ਮੀਲ ਤੇ ਸੀ। ਉਹਨਾਂ ਨੇ ਕਿਹਾ ਕਿ ਮੈਨੂੰ ਉਸ ਸਮੇਂ ਬਾਰੇ ਸਭ ਕੁਝ ਯਾਦ ਹੈ। ਇਥੋਂ ਤਕ ਕਿ ਮੈਂ ਕਲਾ ਹੀ ਜਾਕੇ ਆਪਣੇ ਪਿੰਡੋਂ ਹੋਕੇ ਆਇਆਂ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਨਾਨਕ ਜੀ ਦੇ ਬਚਨਾਂ 'ਤੇ ਚੱਲਣਾ ਚਾਹੀਦਾ ਹੈ ਕਿ ਨਫ਼ਰਤ ਜਾਂ ਲੜਾਈ ਨਹੀਂ ਹੋਣੀ ਚਾਹੀਦੀ।

ਰਵਿੰਦਰ ਕੌਰ ਭਾਟੀਆ ਨੇ ਕਿਹਾ, ਮੇਰੀ ਦਾਦੀ ਸਾਨੂੰ ਦੱਸਦੀ ਸੀ ਕਿ ਅਸੀਂ ਲਾਇਲਪੁਰ ਤੋਂ ਆਏ ਹਾਂ। ਮੇਰੇ ਪਿਤਾ ਜੀ ਲਾਹੌਰ ਤੋਂ ਪੜ੍ਹੇ ਹੋਏ ਸਨ। ਕੋਈ 20 ਸਾਲ ਦੇ ਸਨ ਜਦੋਂ ਅੰਮ੍ਰਿਤਸਰ ਆਏ। ਉਨ੍ਹਾਂ ਕਿਹਾ ਕਿ ਮੈਂ ਹੋਮਿਓਪੈਥਿਕ ਡਾਕਟਰ ਹਾਂ। ਮੇਰੇ ਪਾਕਿਸਤਾਨ ਵਿੱਚ ਵੀ ਮਰੀਜ਼ ਹਨ। ਲਹਿੰਦੇ ਪੰਜਾਬ ਵਿੱਚ ਕਿੰਨਾ ਪਿਆਰ ਮਿਲਦਾ ਹੈ। ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਇਕੱਠੇ ਹਾਂ। ਭਾਵੇਂ ਅਸੀਂ ਕਦੇ ਮਿਲੇ ਨਹੀਂ ਹਾਂ ਪਰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਇੱਕੋ ਘਰ ਵਿੱਚ ਰਹਿੰਦੇ ਹਾਂ।

ਗੁਰਬਖਸ਼ ਸਿੰਘ ਆਸਟ੍ਰੇਲੀਆ ਨੇ ਕਿਹਾ ਕਿ ਅੱਜ ਦੋਹਾਂ ਦੇਸ਼ਾਂ ਵਿਚ ਆਜ਼ਾਦੀ ਦਾ ਦਿਨ ਹੈ। ਉਨ੍ਹਾਂ ਕਿਹਾ ਕਿ ਤੁਸੀਂ ਪਾਕਿਸਤਾਨੀ ਬਹੁਤ ਖੁਸ਼ਕਿਸਮਤ ਹੋ, ਤੁਹਾਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਇਕ ਧਰਤੀ ਮਿਲ ਗਈ ਹੈ। ਉਹਨਾਂ ਨੇ ਦੱਸਿਆ ਕਿ ਮੈਂ ਪਾਕਿਸਤਾਨ ਗਿਆ ਸੀ ਤੇ ਮੇਰਾ ਟੈਕਸੀ ਡਰਾਈਵਰ

ਕਾਸਿਮ ਸੀ। ਮੈਂ ਉਸਨੂੰ ਪੁੱਛਿਆ, ਤੁਸੀਂ ਜਵਾਨ ਹੋ, ਤੁਸੀਂ ਕਿਸੇ ਹੋਰ ਦੇਸ਼ ਵਿੱਚ ਕਿਉਂ ਨਹੀਂ ਜਾਂਦੇ? ਮੈਂ ਸੁਣਿਆ ਹੈ ਕਿ ਪਾਕਿਸਤਾਨ ਦੀ ਆਰਥਿਕ ਸਥਿਤੀ ਬਹੁਤ ਖਰਾਬ ਹੈ। ਅਤੇ ਉਸਨੇ ਕਿਹਾ, ਕੀ ਹੋਇਆ? ਕੱਲ੍ਹ, ਚੀਜ਼ਾਂ ਚੰਗੀਆਂ ਸਨ ਅਤੇ ਅੱਜ ਨਹੀਂ। ਇਸ ਦਾ ਮਤਲਬ ਦੇਸ਼ ਛੱਡਣਾ ਨਹੀਂ ਹੈ। ਵਤਨ ਸਾਡਾ ਹੈ। ਗੁਰਬਖਸ਼ ਸਿੰਘ ਨੇ ਕਿਹਾ ਕਿ ਉਹਨਾਂ ਦੀਆਂ ਗੱਲਾਂ ਮੈਨੂੰ ਬਹੁਤ ਪਸੰਦ ਆਈਆਂ ਅਤੇ ਮੈਂ ਆਪਣੇ ਵੱਲ ਦੇਖਿਆ ਤਾਂ ਸਾਡਾ ਪੰਜਾਬ ਖਾਲੀ ਪਿਆ ਸੀ। ਅਸੀਂ ਵਿਦੇਸ਼ ਚਲੇ ਗਏ ਹਾਂ। ਕਾਸਿਮ ਨੇ ਕਿਹਾ ਕਿ ਵਤਨ ਸਾਡਾ ਆਪਣਾ ਹੈ। ਕਾਸਿਮ ਨੂੰ ਜਿਹੜੀ ਪਾਕਿਸਤਾਨ ਵਿੱਚੋਂ ਆਪਣੇ ਪੰਨ ਦੀ ਖ਼ੁਸ਼ਬੂ ਆਉਂਦੀ ਹੈ, ਉਹ ਸਾਨੂੰ ਕਿਉਂ ਨਹੀਂ ਆਉਂਦੀ? ਉਹਨਾਂ ਕਿਹਾ ਕਿ ਭਾਰਤ ਆਜ਼ਾਦੀ ਦਾ ਜਸ਼ਨ ਮਨਾਵੇ ਪਰ ਸਿੱਖ ਕੌਮ ਕਿਥੇ ਜਾਵੇ। ਜਿਹੜੀ ਇਕ ਤਾਕਤ ਵਿੱਚੋਂ ਨਿਕਲ ਕੇ ਦੂਜੀ ਤਾਕਤ ਦੇ ਰਹਿਮੋ ਕਰਮ ਤੇ ਬੈਠੀ ਹੈ।

ਗੁਰਦੀਸ਼ ਕੌਰ ਕੈਲੀਗਰੀ ਨੇ ਦੱਸਿਆ ਕਿ ਸਾਡੇ ਪੁਰਖੇ ਵੀ ਪਾਕਿਸਤਾਨ ਤੋਂ ਭਗਤ ਸਿੰਘ ਦੇ ਪਿੰਡ ਨੇੜਿਓਂ ਹੀ ਆਏ ਸਨ। ਮੇਰੇ ਪਿਤਾ ਦਾ ਵਿਆਹ ਮਾਰਚ 1947ਈ ਵਿੱਚ ਹੋਇਆ ਸੀ। ਇਹ ਤਾਂ ਪਤਾ ਹੀ ਨਹੀਂ ਸੀ ਕਿ ਘਰਬਾਰ ਛੱਡ ਕੇ ਜਾਣਾ ਪਵੇਗਾ। ਉਸ ਵੇਲੇ ਤਾਂ ਇਹੋ ਸੋਚ ਸੀ ਕਿ ਫ਼ੇਰ ਕੀ ਹੋਇਆ ਰਾਜੇ ਤਾਂ ਬਦਲਦੇ ਰਹਿੰਦੇ ਹਨ, ਪਰਜਾ ਤੇ ਨਹੀਂ ਬਦਲਦੀ। ਵੱਡਿਆਂ ਦੀਆਂ ਸੁਣਾਈਆਂ ਵੰਡ ਦੀਆਂ ਕਹਾਣੀਆਂ ਬਹੁਤ ਦਰਦਨਾਕ ਹਨ। ਉਹ ਦਰਦ ਸਾਡੇ ਵਿੱਚ ਵੀ ਆ ਗਿਆ ਹੈ। ਉਹਨਾਂ ਨੇ ਆਪਣਾ ਗੀਤ ‘‘ਸੁਣ ਨੀ ਭੈਣ ਆਜ਼ਾਦੀਏ ਸਾਥੋਂ ਦਰਦ ਨਾ ਜਾਏ ਸੁਣਾਇਆ, ਇਕ ਅਰਸੇ ਤੋਂ ਅੜੀਏ ਨੀ ਤੂੰ ਸਿਦਕ ਸਾਡਾ ਅਜ਼ਮਾਇਆ’’ ਸੁਣਿਆ।

ਭੁਪਿੰਦਰ ਸਿੰਘ ਸਾਧੂ ਨੇ ਕਿਹਾ ਕਿ ਮੈਂ ਲੋਕਾਂ ਨੂੰ ਵੇਖਦਾਂ ਕਿ ਉਹ ਆਜ਼ਾਦੀ ਦਾ ਜਸ਼ਨ ਮਨਾ ਰਹੇ ਹਨ। ਅਸੀਂ ਕਾਹਦੇ ਆਜ਼ਾਦ ਹੋਏ ਅਸੀਂ ਤਾਂ ਉਜੜੇ ਹਾਂ। ਉਜੜਿਆਂ ਦਾ ਕਾਹਦਾ ਜਸ਼ਨ ਹੁੰਦਾ ਹੈ। ਪੰਜਾਬ ਵੰਡੇ ਜਾਨ ਨਾਲ ਪੰਜਾਬੀ ਬੋਲੀ ਦਾ ਵੀ ਉਜਾੜਾ ਸ਼ੁਰੂ ਹੋਇਆ। ਮੈਂ ਹੈਰਾਨ ਹਾਂ ਦੁਨੀਆ ਵਿੱਚ ਇਕੋ ਇਕ ਪੰਜਾਬੀ ਕੌਮ ਹੈ ਜਿਹੜੀ ਆਪਣੇ ਉਜਾੜੇ ਦਾ ਜਸ਼ਨ ਮਨਾਉਂਦੀ ਹੈ।

ਮੇਜਰ ਸਿੰਘ ਪੰਜਾਬੀ ਨੇ ਕਿਹਾ ਕਿ 1947ਈ ਪੰਜਾਬ ਦਾ ਦੁਖਾਂਤ ਹੈ। ਮੈਂ ਪੰਜ ਵਾਰ ਪਾਕਿਸਤਾਨ ਗਿਆ ਹਾਂ ਅਤੇ ਮੈਂ ਦੇਖਿਆ ਹੈ ਕਿ ਇੱਥੇ ਲੋਕ ਉੱਥੇ ਜਾਣ ਲਈ ਰੋਂਦੇ ਹਨ ਅਤੇ ਉੱਥੇ ਦੇ ਲੋਕ ਇੱਥੇ ਆਉਣ ਲਈ ਰੋਂਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੈਂ ਲਹਿੰਦੇ ਪੰਜਾਬ ਤੋਂ ਵਾਪਸ ਪੂਰਬੀ ਪੰਜਾਬ ਆਉਂਦਾ ਹਾਂ ਤਾਂ ਭਾਵੇਂ ਮੈਂ ਪੰਜਾਬ ਦੀ ਧਰਤੀ 'ਤੇ ਹੀ ਕਿਉਂ ਨਾ ਹੋਵਾਂ ਪਰ ਮੇਰੀ ਆਤਮਾ ਲਾਹੌਰ, ਨਨਕਾਣਾ ਅਤੇ ਪੰਜਾ ਸਾਹਿਬ ਹੀ ਰਹਿ ਜਾਂਦੀ ਹੈ।

تماہی

سانجھا پنجابی ورثہ

جلد : 01 شمارہ: 04 (جولائی-ستمبر 2024ء)

چیف ایڈیٹر

پروفیسر (ر) ڈاکٹر عبدالرزاق شاہد

ورلڈ سینٹر فار پنجابی

25۔نسبت روڈ، لاہور

ورلڈ سینٹر فار پنجابی-2024ء

☆ ایس میگزین دا کوئی وی مضمون کُلّی یا جُزوی طور تے ''سانجھا پنجابی ورثہ'' دا حوالہ دے کے کھوج پرکھ دے مقصد لئی ورتیا جاسکدا اے۔

☆ ''سانجھا پنجابی ورثہ'' وچ شامل مضامین/نظماں وغیرہ وچ پیش کیتے گئے وچاراں نال ادارے دا متفق ہونا ضروری نہیں تے نہ اِی ادارہ یا ایہدا کوئی کاما کِسے لکھت لئی ذمے وار ہووے گا۔

☆ ''سانجھا پنجابی ورثہ'' نُوں چنگے توں چنگا بناؤن لئی تہاڈے سجھاء ساڈے واسطے بہت قیمتی نیں۔

چھاپن ہار

پروفیسر(ر) ڈاکٹر عبدالرزاق شاہد
ڈائریکٹر
25-نسبت روڈ، لہور، پاکستان
فون: 37312080-42-92+ وٹس ایپ: 0770117-316-92+
Email: wordcentreforpunjabi@yahoo.com
Website: www.worldcentreforpunjabi.org
https//:www.facebook.com/profile.php?id=61557503945160

ایڈیٹر
فیصل ارشد بٹ
عمران احمد

مُل : 500 رُپئے
بدیس لئی: 10 ڈالر (امریکی)

صلاح کار
ڈاکٹر گُردرشن سنگھ ڈھلوں
پروفیسر ہمت سنگھ
ڈاکٹر جسبیر کور
ڈاکٹر دیوندر پال سنگھ
سردار گُرمیل سنگھ خالصہ
ڈاکٹر مجاہدہ بٹ
پروفیسر ڈاکٹر مرزا معین الدین
پروفیسر ڈاکٹر محمد طارق بلوچ

تتکرا

1۔	مُڈھلی گل	4
2۔	گورو نانک صاحب: جنیئو دی رسم پروفیسر ہردیو سنگھ	5

پاکستان یاترا مٹھیاں یاداں 16

3۔	پاکستان بارے وچار ڈاکٹر چرنجیت سنگھ پنوں	

سمیں دی گل 17

4۔	٭ قومانتری سیمینار ٭ قومانتری کانفرنس ٭ قومانتری ویبی نار	

مُڈھلی گل

''سانجھا پنجابی ورثہ'' دا جولائی توں ستمبر 2024ء دی سہ ماہی دا شمارہ تہاڈی سیوا وچ پیش کیتا جارہیا اے۔ ایہہ سہ ماہی ایس پاروں بڑی مصروفیت والی رہی کہ ایہدے وچ اَگے پچھے کئی عالمی دیہاڑ آئے جیہناں نُوں اکھوں پروکھے نہیں سی کیتا جاسکدا۔ کیوں جے ''ورلڈ سینٹر فار پنجابی'' دا مُڈھلا مقصد ای دنیا بھر وچ وسدے پنجابیاں نُوں آپس وچ جوڑنا اے۔ آپسی جُڑت دا کوئی موقع اسیں ہتھوں نہیں جان دیندے۔ میں ایہناں دیہاڑیاں دی تفصیل وچ نہیں جاواں گا کیوں جے ایس ہتھلے شمارے وچ اوہ سب کجھ تُسیں ویکھ تے پڑھ کے اندازہ کرسکدے او۔

ہمیشاں وانگوں ایس تازہ شمارے وچ پروفیسر ہردیو سنگھ ہوراں دا اِک وڈمُلا لیکھ ''گورو نانک صاحب: جنیئو دی رسم'' گُرمکھی تے شاہ دوناں سکرپٹ وچ شامل کررہے آں تاں جے شاہ مکھی جانن والے وی ایس لیکھ توں لابھ چُک سکن۔

جیویں کہ تُسیں سارے جان دے او پئی نومبر 84ء سکھ تاریخ دا اِک اجیہا گھلوگھارا ہے جس نُوں کسے طور بھلایا نہیں جاسکدا۔ ایس دی جنی وی نندیا کیتی جاوے گھٹ اے۔ گھلوگھارا 84ء تے مان یوگ لکھاری نانک سنگھ نشتر ہوراں دا وڈمُلا لیکھ Why and How Sikhs were Targetted in 1984 ایس شمارے وچ شامل کیتا گیا اے۔ جس کسے نُوں ایس گھلوگھارے بارے جانکاری نہیں اوہ ایہہ لیکھ پڑھ کے ساکا 84ء دے پچھوکڑ، واقعات تے اوہدے اثرات دا جانُو ہوسکدا اے۔

''سانجھا پنجابی ورثہ'' دے گوشے ''پاک یاترا، مٹھیاں یاداں'' وچ شامل لکھتاں پڑھ کے، پڑھن والے دا جی کرے گا کہ اوہ وی پاکستان وچ پوتر تھاواں تے گرو گھراں دی یاترا لئی ضرور آوے۔

ایس شمارے وچ WCP دی کارگزاری بارے رپورٹاں پڑھ کے تُسیں جان سکو گے کہ WCP دُنیا بھر دے پنجابیاں نال اپنی جڑت نُوں کیویں پکیاں کررہیا اے۔ سانوں اندازہ ہے کہ ایس بارے اجے ہور بہت سارا کم کرن دی لوڑ اے۔ ایہدے لئی ہمیشاں وانگوں تہاڈے سُجھاواں دی لوڑ اے۔ WCP بہت چھیتی شاہ مکھی/ گرمکھی سکھان لئی کلاساں دوبارہ شروع کرن جارہیا اے۔ اوہدی اطلاع سجناں متراں نُوں ساڈی ویب سائٹ، فیس بک پیج، تے دوجے سوشل میڈیا دے اکاؤنٹس راہیں ملدی رہے گی۔ پچھلی واری وی تہاڈے نال ایہہ خبر سانجھی کیتی سی پئی ''ورلڈ سینٹر فار پنجابی'' ڈیجیٹل لائبریری شروع کررہیا اے۔ ایہدے راہیں پنجابی (گرمکھی/شاہ مکھی) کتاباں PDFفارم وچ دستیاب ہون گیاں۔ سارے سجناں متراں نُوں بینتی اے پئی جے کسے کول پنجابی (گرمکھی/شاہ مکھی) کسے دی کتاب دی PDF ہووے اوہ ساڈے نال ویب سائٹ www.worldcentreforpunjabi.org یا worldcentreforpunjabi@gmail.com تے یا وٹس ایپ نمبر 0770117 316 92 + تے گھل دین۔ اپنے آل دوالے، سجناں متراں نُوں وی ایہہ سنیہا اپڑاؤ تاں جے ایس لائبریری نُوں چھیتی سکالرز/سٹوڈنٹس/ٹیچرز تے دوجے پڑھن دا ذوق رکھن والیاں لئی اوپن کیتی جاسکے۔محبت سلامتی دیاں ڈھیر دُعاواں نال

پروفیسر(ر) ڈاکٹر عبدالرزاق شاہد

چیف ایڈیٹر

گورو نانک صاحب : جنیئو دی رسم

پروفیسر ہردیو سنگھ

ہندواں وچ اُچیاں جاتاں (براہمن اتے کھتری) دے مرد بچے جد نوں دس سال دے ہو جاندے ہن تاں رسم مطابق اوہناں دے گل وچ سوت دا اک دھاگہ پوایا جاندا ہے۔ جس نوں جنیئو آکھیا جاندا ہے۔ شاستراں دی ایہہ ریت بہت پرانی ہے۔ جنیئو پاؤن نال اِک تاں سماج وچ ایہہ پتہ چل جاندا ہے کہ ایہہ بندہ اُچی جاتی دا ہے، اَتے دوسرے ایہہ یقین ہے کہ جنیئو پاؤن نال انسان پاک ہو جاندا ہے۔ مطلب اوس دا اخلاق اُچا تے سُچا بن جاندا ہے۔ ایس رسم سمیں گھر والے اک وڈا اکٹھ کردے ہن جس وچ رشتے دار اَتے برادری دے لوک بلائے جاندے ہن اتے خوب رونق میلہ ہوندا ہے۔ کھتریاں دی رسم مطابق ایس سمیں بکرے دی قربانی دتی جاندی ہے اتے اوس دا ماس ورتایا جاندا ہے۔ گھر دا پروہت جنیئو پاؤن دی رسم نبھاؤندا ہے جس نوں کھل کے دان دتا جاندا ہے۔ جد جگت تارن ہار گورو نانک نوں (9) کُو سال دے ہو گئے تاں ایہناں دے پتا، مہتہ کلیان چند جی (جیہناں نوں کالو رام کرکے وی جانیا جاندا سی) نے وی ایہناں واسطے جنیئو دی رسم کرن دا دن مِتھ لیا۔ بڑے وڈے اکٹھ وچ پنڈت ہردیال، جو کہ پریوار دے پروہت سن، نے بالک گورو نانک دیو جی دے گل وچ جنیئو پاؤن لئی ہتھ اگے ودھائے تاں ویکھن وچ بالک نانک جی نے، پروہت دے ہتھ روک لئے اتے اک کچے دھاگے دا جنیئو پاؤن توں نہ کر دتی۔ آؤ ویکھیئے کہ ساڈے ناٹک دے پاتر سانوں کی دسدے ہن کہ مقدس نانک جی دی ایس نہ پچھے کیہ کارن سی۔

منچ: گورو نانک صاحب دی جنم بھومی تلونڈی (جس نوں اج کل ننکانہ صاحب نال جانیا جاندا ہے) توں پنج چھے کلومیٹر دی دُوری تے اک چھوٹے جہے پنڈ دے وچکار اک وڈے سارے پیپل دے رُکھ دوآلے اک کچا تھڑا بنیا ہے جس اُپر پنڈ دے لوک آ کے اپنا ویہلا سماں بتاؤندے ہن اتے گپ شپ ماردے ہن۔ بزرگ تاں اپنا بہتا سماں ایتھے ہی لنگھاؤندے ہن۔ ہن وی کجھ بزرگ ایتھے بیٹھے آپس وچ گل بات کر رہے ہن۔ اک دن پہلاں ہی بالک نانک دیو جی دے جنیئو پاؤن توں انکار کرن والی گھٹنا واپری سی۔ تاریخ وچ ایہہ اجیہی پہلی ہی گھٹنا سی جس وچ کسے بچے نے جنیئو پاؤن توں نہ کیتی ہووے۔ سو ایہہ خبر سارے علاقے وچ جنگل دی اگ وانگ پھیل گئی سی اتے باقی سارے دیس وچ وی تیزی نال پھیل رہی سی۔ ہر اک دی زبان تے ایہو ہی موضوع سی۔ ایس تھڑھے تے وی چار پنج بزرگ آپس وچ گپ شپ مار رہے ہن۔ آؤ ایہناں دی گل بات سُنیئے۔

منشی رام: ہئ تساں وی سنیا کجھ کہ نہیں؟ پتا لگے کل تلونڈی وچ کالو رام دے منڈے نانک نے اپنے پیو دی عزت مٹی وچ رولتی؟

تیز بھان: اوئے اوہ کیویں منشی راما؟

منشی رام: پورا پتا تے مینوں وی نہیں، تیز بھانا۔ ایویں اُڈدی اُڈدی سُنی ایں کہ کل بھری سبھا وچ کل دے چھوکرے نے جنیئو پاؤن توں صاف نہ کرتی۔

تیز بھان: رام، رام، رام۔ ایہہ کیہ آہناں منشی راما؟ گھور کلجگ آ گیا۔ گل منن وچ تاں نہیں آؤندی، پر جے توں آہناں تاں ٹھیک ای ہونی ایں۔ ایہہ اج کل دے چھوکریاں نے تے دھرم دا بیڑا ای غرق کرتا۔ کیہ بنوں دنیا دا۔

نرائن چند (چنگی طرح ادھر ادھر ویکھ کے، ہولی جہی): میں آہناں

ایہدے پچھے وی پٹھاناں دی ای کوئی چال اے۔ اوہناں نے ای چکیا ہونیں، نہیں تے اک چھوکرے دی کیہ مجال کہ بھری سبھا وچ پیو دی پگ اُچھال دیوے۔

تیز بھان (ہولی جہی): تیری گل وچ وزن ایں نرین چندہ۔ میں پہلاں ای سنیا اے کہ نانک رائے بلار دے ہتھاں وچ کھیڈدے تے اوہدی ہر گل من دے۔ ایہدے وچ وی ضرور رائے دا ای ہتھ ہونا ایں۔

منشی رام: تواڈی گل بھاویں ٹھیک ای ہووے، پر ایہہ تاں پتا لگے کہ ایہہ سارا کجھ ہویا کیویں۔ اپنے وچوں ایتھے تے کوئی وی نہیں سی۔ کوئی ہے جیہڑا اپنے پنڈوں ایتھے حاضر ہووے جیہنے سبھ اپنی اکھیں ویکھیا تے سنیا ہووے۔

نرائن چند (ہس کے): منشی راما، اکھاں نال ویکھیا ای جاندے، سنیا نہیں۔

منشی رام: نرینیا، مشکر یاں کردا ایں وڈے بھائی نوں۔ پر جیہناں نوں سمجھ ہوندی اے اوہ اکھاں نال گلاں کردے وی نے تے سُن وی لیندے نیں۔ کدے سنیا نہیں پئی پلہ مار کے بجھا گئی دیوا تے اکھ نال گل کر گئی۔ توں ایس گل دا جواب دے جیہڑی تینوں میں پچھی اے، پئی کوئی اپنے پنڈوں ایتھے سی کہ نہیں؟

ہرنام داس (جو ہن تک چپ بیٹھا سی): ہیکھاں، سنگ تے نہیں آؤندی ایہو جیہیاں گلاں کردیاں نوں! پیر قبراں وچ نے تے دیوے اجے وی بجھائی جاندے۔ نالے جیہنوں تسیں کل دا چھوکرا آکھ آکھ کے اوت پتان بولن ڈہے ہوئے او، اوہ تے کوئی رب دا روپ اے۔ وڈے وڈے رانی خاں وی اوہنوں سلاماں کردے اے۔ اجے دو سال پہلاں ای اوہدے تے چھجلی والے سپ نے چھاں کیتی سی تے رائے بلار نے آپ اپنی اکھیں ویکھیا سی۔ رائے بلار نے ادوں نانک جی نُوں سِر نوایا سی۔ اوہ تے نانک جی دے جنم توں ای اوہناں نوں رب دا روپ آکھدا اے۔

نرائن چند: بئی گل تاں نرنام داس دی سولاں آنے اے۔ ساڈی وی جٹاں والی ہوڑ مت اے کہ ساریاں دی گل وچ ہاں نال ہاں ملا دئی دی اے۔ ساڈی تے اوہ گل اے ''جیہنے لائی گلیں اوہدے نال اٹھ چلی'' اک سہری دا چیتا لسا ہوئی جاندا اے، پر مینوں وی ہن یاد آئے کہ پچھے جیہے جدوں نانک جی دیاں مجھاں نے اک جٹ دی کنک دی فصل اُجاڑ دِتی سی اوہنے رائے بلار کول جا شکیت کیتی سی۔ رائے آپ موقع ویکھن آیا سی تے اوہنے ویکھیا کہ کنک دا تے کوئی نقصان ای نہیں سی ہویا، سگوں اوہ پہلاں نالوں وی ودھ ہری بھری سی۔ آہندے رائے نے ادوں وی نانک جی نوں متھا ٹیکیا سی تے موقع ویکھن توں پہلاں ای کہہ دِتا سی کہ جے فصل دا کوئی نقصان ہویا ہوئے تاں رائے آپ ہرجانہ بھرو۔ سو، جو کجھ میں ہن تک آکھیا میں آکھوں کہ میں جھکھ ای ماری سی۔ بھراوو، میں پوری طرح شرمنداں۔

ہرنام داس: میں ہن ہور نہیں دراؤندا، پر ایہہ وی رائے صاحب نال سراسر بے انصافی اے جے آکھیئے کہ اوہنے نانک جی نوں جنیئو پاؤن دے خلاف چکیا سی۔

تیز بھان: مویں اپنی غلطی منناں۔ گل میں وی کوئی سیانی نہیں کیتی۔ میری سوچ وی پتہ نہیں کتھے گھاہ چگن چلی گئی سی۔ بھراوو، میں وی اپنے مورکھ پُنے تے بہت شرمنداں۔

منشی رام: ایس سارے مورکھ پُنے دا مڈھ میں ای آں۔ مینوں ای ہر گل دا تماشہ بناؤن دی اگ لگی رہندی اے۔ مویں بڑا شرمنداں۔ نانک جی مینوں بشک سزا دیؤ۔

منشی رام دلوں شرمندگی محسوس کر رہیا سی۔ ہن تک جیہڑے گورو صاحب نوں چھوکرا کہہ رہے سن، سارے ستکار نال نانک جی کہن لگ پئے سن۔

نرائن چند: چلو ایہہ ودھیا ہو گیا اے کہ سانوں ویلے سر ای عقل

آ گئی اَتے اسیں سدھے ہو گئے آں، پر ہن سگوں جنیئو دی رسم بارے پوری کہانی سنن نوں جی کردا اے کہ نانک جی نے نہ کس کر کے کیتی۔ کہنوں سارا پتا اے؟

ہرنام داس: میں اجے اوہناں نوں ملیا تے نہیں، پر پریتو تے جیتا کھتری گئے سن۔ جے آکھو تے اوہناں نوں ایتھے سدّ لینے آں۔

تیز بھان: جے آ جان، ودھیا ہوجے۔ پریتو نے تاں ایتھے آ ای جانا اے، ہن نہیں تے ہور گھڑی نوں آجو۔ اوہدا تے اپنا ڈھڈ آپھریا ہونا اے گلاں دسن نوں۔ میں تاں حیران آں کہ اجے تک آیا کیوں نہیں۔ جیتے دا پکا پتا نہیں۔ اوہ مرضی دا مالک اے کدے آ جاندا اے کدے نہیں۔ پر گلاں سُنن دا اصلی سواد اوہدے کولوں ای آؤنا ایں۔ اک تاں اوہ پڑھیا لکھیا تے دوجا اوہنوں گلاں گھوکھن دا شوق وی اے۔ پریتو نے پھیر ساڈے وانگوں جٹاں والیاں ای مارنیاں نیں۔ منشی رام (متھے تے ہتھ پھیلا کے گلی وچ ویکھدا ہویا): مکھ، اوہ پریتو ای تے نہیں جیہڑا وڈیاں وڈیاں پلاگھاں ماردا آؤندا اے؟

نرائن چند: اہیؤ تے اے۔ ویکھیو ہن اوہنے آؤندے نے ای کیویں اپنا ٹوہر جماؤنا اے کہ اوہ کل کِڈے وڈے سماگم توں ہو کے آیا اے۔ انج میں شرط لا کے آہناں ایہنوں پوری گل سمجھاؤنی نہیں آؤنی۔

ہرنام داس: اوئے گل سمجھاؤنی ہر اک دے وس دا روگ نہیں ہوندا۔ نالے بھاویں منوں تا بھاویں نہ، اسیں جٹ بوٹ اینے چست نہیں ہو سکدے جنے ایہہ براہمن تے کھتری نیں۔ اسیں سارا دن ڈنگراں وچ ڈنگر بنے رہنے آں تے ایہہ سارا دن پڑھائی لکھائی دیاں ای گلاں کردے نیں۔ سو اسیں ایہناں دا مقابلہ کیویں کر سکدے آں؟ انج وی پریتو ٹپلیاں یادا ماردا تے مطبل دی گل گھٹ ای کردا اے۔ باقی ٹوہر تے بھئی اوہنے جماؤنا ای ہویا، مہتے کالو دے سماگم تے ہرنھو خیرا تے نہیں نہ جا سکدا۔ کوئی خاص ای بندے سدّے ہون گے۔

تیز بھان: نامھ داسا، ایہہ نتھو خیرا کون سی؟

منشی رام: اوئے تیجو، ایہہ تیرا پھپھڑ لگدا سی۔ تیری بھوآ دا سوہرا پنڈ خیرا ای تے سی۔

تیز بھان: توں وڈا بھرا ایں جو مرضی آکھ۔ کدے میرے جباڑے ہیٹھ آ گیا کچا چبا جوں۔ منشی رام (ہسدا ہویا): توں کچے دی گل کردا ایں؟ ہن تے میں رنھیاں وی نہیں گلنا؛ ایویں جیہڑا کوئی اک ادھا دند بچیا ای، اوہ وی تڑا کے بہہ جیں گا۔

اجے ایہناں دا ایہہ ہاسہ ٹھٹھا مُکا نہیں سی کہ پریتو پہنچ گیا، پر اوہدی آواز اوہدے نالوں وی پہلاں پہنچ گئی۔

پریتو: لے بئی تایا، میں اج ای سویرے تلونڈیوں آیاں جتھے کل مہتہ جی دے لاڈلے، نانک جی، نوں جنیئو پاؤن لئی کٹھ کیتا ہویا سی۔ پئی اوتھے جو ہویا اوہ جگوں تیہری (جگو پریت بھاو جگ دی ریت دے الٹ) سی۔ ایہو جیہی نہ کدے ہوئی تے نہ ای کدے ہونی ایں۔

سارے اکٹھے ہی: اوئے کی ہویا؟

پریتو: پہلاں تاں اوتھے کٹھ ای بڑا وڈا سی۔ مہتے نے بہت لوک سدّے ہوئے سی۔ بڑے پکوان بنائے جا رہے سی۔ پر گل ہور دی ہور ای ہوگئی۔ اوتھے کھانا پینا کِنے سی؟ نرائن چند: اوئے اصل گل وی دسیں گا کہ نہیں؟ اوتھے ہویا کی؟

پریتو: اوئے تایا اصل گل ای تے دسن ڈیاں۔ پتہ نہیں توں اصل گل کہنوں گننا! اوتھے سارے ای منہ لٹکائی ترے پھردے سی۔ کھان پین والے پاسے تے کوئی گھٹ ای گیا۔

تیز بھان: پریتم چندہ، ایہہ دس بئی لوکاں نے منہ کیوں لٹکائے ہوئے سی؟ کی گل سی؟

پریتو: تایا مینوں تاں بہتا پتہ نہیں لگا، آہندے سی پئی نانک نے جنیئو پاؤن توں نانہہ کرتی سی۔ مینوں تے ایہدے وچ کوئی

وڈی گل نہیں لگی۔ جنیئو کیہڑا سونے دا سی؟ ایویں سوت دا کچا جیہا دھاگہ سی۔ چلو پھر کسے دن پا لو۔ بس ایسے گل وچ لوکیں منہ وٹی پھردے سن۔

ہرنام داس: پریتما، نانک جی نے کجھ دسیا سی کہ اوسنے جنیئو کیوں نہیں پاؤنا کہ بس ایویں ای نانہہ کرتی؟

پریتو: اوئے تایا، مینوں نہیں بہتا پتہ۔ میں تے دُور منجی تے بیٹھا سی۔ باہمن تے نانک آپو وچ کجھ چِر گلاں باتاں کردے رہے سی، میں نہیں سُنیاں۔ سچی گل تاں ایہہ اے کہ میں کوئی گلاں سُنن نہیں سی گیا۔ آپاں تے گئے سی موج مستی کرن تے کھان پین۔ مینوں تے ایویں جیتا کھچ کے لے گیا سی۔ نہیں مینوں اوتھے کون پُچھدا سی۔ جے کسے گل دا پتہ کرنا ایں تاں جیتے نوں سدّ لیاؤناں، اوہنوں ہر گل دا پورا پتا اے۔

سارے پریتو دے سادے سُبھاء تے ہس پئے۔

منشی رام: توں تے پوریاں پا تیاں۔ جاہ اُڈ کے اوہنوں سدّ لیا۔

نرائن چند: سدن جان دی لوڑ ای نہیں، اوہ آپے آ گیا۔ اوہ ویکھو، سامہنے تریا آؤندا اے۔

ہرنام داس: ہاں، لگدا تے اوہو ای اے۔ اینے نُوں اوہنے آ سبھ نوں رام، رام بلائی۔

تیز بھان: آ بئ جیتیا۔ سارے تینوں ای ڈیکن ڈئے سی۔

جیتا (ماڑا جیہا مسکرا کے): کیوں تایا، میں کی گناہ کرتا؟

ہرنام داس: او پترا، گناہ تے جے توں کرنا چاہیں، تیرے کولوں تاں وی نہیں ہونا۔ سانوں تُوں ایہہ دس، پئی کل کالو رام دے سپتر دے جنیئو پاؤن دی رسم سی، اوتھے کی ہویا۔

جیتا: اوئے تایا اوتھے تاں کمال ای ہوگئی۔ میں آہناں پئی نانک کوئی عام بچہ نہیں۔ رام جانے اوہ تاں اوہدا ای کوئی اوتار اے۔ کل اوہدے چہرے تے اینا نور سی کہ اوہدے چہرے ول ویکھیا نہیں سی جاندا۔

منشی رام: پر ایہہ تاں دس پئی، اوہنے جنیئو پایا کہ نہ؟

جیتا: او تایا، ایہو تے میں دسن لگا سی۔ سارا کجھ میرے سامہنے ہویا۔ تہانوں پتا اے مینوں ایہہ گلاں جاننن دا بڑا شونق اے؛ میں عین کول بیٹھا سی۔ نانک نے تاں ساری دنیا نُوں چکر وچ پا دِتا تے ساری دنیا حیران سی پئی اک چھوٹے جیہے نیانے نُوں گیان دیاں اینیاں ڈونگھیاں گلاں کتھوں آؤندیاں نیں۔ پاندھے نوں تے کوئی گل نہیں سی اہڑدی۔ اوہ تاں نانک سامہنے اکدم گھگو بنیا بیٹھا سی۔

تیز بھان: اوئے جیت راما، نانک نے آکھیا کی؟

جیتا: تایا میں دساں کیویں؟ تسیں تے میری گل وچوں ای ٹوک دیندے او۔

ہرنام داس: چل پترا، ہن نہیں ٹوکدے۔ توں دسی چل۔

جیتا: تہانوں پریتو نے کجھ نئیں دسیا۔ ایہہ وی میرے نال ای سی۔

منشی رام: اوہنے تے بڑا کجھ دسیا، پر ساڈی بڈھیاں دی ہن سمجھ ای گھٹ گئی اے، بہتا پتہ نہیں لگا۔ ایہہ تے شید کجھ ہور دسدا ہووے، پر سانوں ایوں لگا جویں کوئی کھان پین دیاں ای گلاں کردا ہووے۔ گل ایہہ اے پترا، سانوں آپ ہن کھان پین توں بناں کسے گل دی سمجھ نہیں پیندی۔

سارے ہس پئے۔

پریتو: تایا میں وی کویں دسدا، تسیں جیتے وانگ مینوں وی وچوں ای ٹوک دیندے سی۔ پریتو نے شکائت کیتی۔ سارے پھر ہس پئے۔

منشی رام (ٹچر کردیاں): چل تینوں پھیر موقع دے دینے آں، تُوں ہن دس لے۔ نرائن چند: آہو۔ توں پھیر کوشٹ کر ویکھ۔

پریتو: نہیں، ہن جیتا ای دسو۔ ایہدی واری اے۔

تیز بھان: مینوں لگدا اے دسنا تُساں کسے نے وی کجھ نہیں تے اسیں خالی ای گھرو گھری مڑ جانے آں۔ تسیں بھاڑے تے وگن

والے لگدے او۔

ہرنام داس: ہن منڈے نوں بولن تے دیو۔ چل پتر، جیتیا۔ ہوجا شروع۔

جیتا: تسیں تے مینوں گل ای بھلاتی اے۔ دساں کی؟ ہن مینوں وچوں نہ ٹوکیو۔

منشی رام: نہیں ٹوکدے، پترا، نہیں ٹوکدے۔ توں یاد کر۔

جیتا: ہاں سچ یاد آیا، جد سارا سریکا برادری جُڑ بیٹھا تاں مہتہ جی نے اپنے پُتر نانک نوں لیا وچ بٹھایا۔ تے پاندھا ہردیال وی آ گیا۔ اوہنے کجھ منتر جیہے پڑھے جیہناں دی سانوں تے کوئی سمجھ نہیں آئی۔ پھر اوہ جنیئو پھڑ کے نانک دے گل پاؤن لگا تاں نانک نے اوہدے ہتھ پھڑ لئے تے آکھیا، ''پروہت جی ایہہ کی کرن لگے او؟'' پروہت نے اپنی عمر وچ پہلاں کئی ویہاں نیانیاں دے گلیاں وچ جنیئو پائے ہون گے، پر اوہنوں ایہہ سوال کسے نے کدے نہیں پچھیا ہونا۔ سوال سُن کے تے لگدا سی کہ جویں پروہت نوں ہتھاں پیراں دی پے گئی ہووے۔ پروہت بولیا، ''چھوٹے ججمان، میں تہاڈے گل وچ جنیئو پاؤن لگاں۔ ہر اُچی جات دے بچے دے گل وچ پایا جاندا اے، ایہو شاستراں دی ریت اے''۔ پھر اوہ دوویں آپوں وچ کجھ ایداں سوال جواب کردے رہے۔

نانک جی: پنڈت جی، ایہہ دھاگہ پاؤن نال انسان دی جات اُچی ہوندی اے، جاں نہ پاؤن نال نیویں ہو جاندی اے؟ ایہدے پاؤن جاں نہ پاؤن نال کی فرق پئے گا؟

اک چھوٹے جیہے بچے دے مونہوں اجیہے سوال سُن کے ساریاں دے منہ کُھلے رہ گئے۔ پروہت وی گھابر گیا۔ اوہنوں کوئی ڈھکواں جواب نہ آیا تے بولیا،

پروہت ہردیال: بیٹا جی، جد تسیں تھوڑے ہور وڈے ہووگے تساں نوں سبھ کجھ سمجھ آ جاوے گا۔ اجے تسیں ایہہ مقدس جنیئو پوا لوو۔ ایہو ای ہندو دھرم دی مریادا اے۔

نانک جی: پروہت جی، میں چھوٹا ای صحیح، پر تسیں تاں وڈے ای او ناں۔ چلو ایہہ دس دیو کہ ایہہ کچا دھاگہ جیہنوں تسیں مقدس کہہ رہے او میرا کی سوارو؟

ہرنام داس: پُترا، میں وچوں ای ٹوکن لگاں، پر ایہہ کسے بچے دے سوال نہیں۔ اینے ڈونگھے سوال تاں اوہیو کر سکدا جیہڑا دھروں ای آیا ہووے۔ میرے تے اپنے لُوں کنڈے ہو رہے نیں۔ میرا تاں جی کردا اے کہ میں آپ اوہدے درشن کراں۔ اوہدے بارے پہلاں وی بڑا کجھ سُنیا ایں کہ اوہ بڑی کرنی والے جیہنوں سیاں نے چھاواں کیتیاں نیں تے جیہنے پسوآں دے کھادے کھیت ہرے کیتے نیں۔ دھن اے اوہدے ماں پیوُ۔

جیتا: پر تایا، اوہدا پیو ایداں نہیں سمجھدا۔ اوہ تاں سمجھدا اے کہ اوہدا پُت گھر گھٹاؤ اے۔ ایس ویلے تے صرف دو اِی جنے اوہنوں رب دا اوتار مندے نیں۔ تے اوہ نیں اک تے اوہدی وڈی بھین نانکی، جو کل وی اوہدیاں اچرج گلاں سُن کے پھلے نہیں سی سماؤندی، تے دوجا اے رائے بُلار آپ، جیہڑا اوہدا ہر ہرجانہ بھرن نوں تیار رہندا اے تے اوہدے درشناں توں واری جاندا اے۔

تیز بھان: چل پُترا اگے دس۔ تیریاں گلاں چوں بہت سواد آؤندا اے۔

جیتا: جد نانک جی نے ایہہ پچھیا کہ ایہہ کچا دھاگہ میرا کی سوارو تاں پروہت دا رنگ پھکا پے گیا۔ بس ایہو آکھی گیا کہ ایہہ سارے دیوتے پاؤندے سن تے شاستراں دی مریادا اے۔ ایہہ جیون نُوں بڑا پاک کردا اے۔ نانک جی نے پھیر پچھیا،

(نانک جی): پنڈت جی، تسیں کہندے او کہ ایہہ کچا دھاگہ جیون نُوں پاک کردا اے، پہلاں تے مینوں ایہہ سمجھ نہیں آؤندی کہ اک دھاگہ کسے دے جیون نوں پاک کیویں کر سکدا

اے۔ جے جیون ایداں پوتر ہون لگے تاں چور، دھاڑویئے، خونی، لٹیرے، ٹھگ، بے ایمان تے ہور ظلم کرن والے سارے لوک ایہہ دھاگہ پا کے پاک پوتر ہو جان۔ چلو جے میں اک پل لئی ایہہ من وی لواں کہ ایہہ دھاگہ جیون پوتر کردا اے، تاں ایہہ کچا دھاگہ کجھ چر نوں ٹُٹ سکدا اے، سڑ سکدا اے، جاں انج ای کِتے گواچ سکدا اے، پھر کی کروگے؟

ایہہ آکھ کے نانک پنڈت دے کھُلے منہ ول ویکھن لگ پیا۔ تایا اوس ویلے پنڈت دا حال ویکھن اِی والا سی۔ اوہدے منہ تے اک رنگ جاوے تے اک آوے۔ میں شرط لاکے آہناں کہ جے پنڈت نوں دھرتی وہل دیندی اوہ ضرور اوہدے وچ ای غرق جاندا۔ دنیا وی ساری حیران سی۔ لوکاں نوں یقین نہیں آ رہیا سی کہ اک دس کُو سال دا نیانا ایہو جیہیاں اینیاں ڈونگھیاں گلاں پچھ سکدا اے۔ ہن لوکیں نانک دے بہت لاگے آ گئے تے اوہ وی پنڈت دا جواب ڈیکن لگ پئے۔ بڑے چِر پچھوں پنڈت دا منہ کھلیا تے اوہ آکھن لگا،

(پروہت): چھوٹے ججمان جی، ایہہ ٹھیک اے کہ ایہہ پوتر جنیئو ٹُٹ سکدا اے جاں گواچ سکدا اے، پر جویں اک روگی نوں دوا دے کے ٹھیک کیتا جا سکدا اے، ٹٹے جاں گواچے جنیئو نُوں وی اک پنڈت منتر پڑھ کے مڑ اوس منکھ دے گل پا سکدا اے۔ جتھوں تک مندکرمیں منکھاں دی گل اے، اوہ ہوندے ای نیویاں جاتاں دے نیں۔ اوہناں نوں ایہہ جنیئو پوتر نہیں کر سکدا۔

اینا آکھ کے پروہت خوش ہو گیا۔ جانیں اوہنے سرے دی گل آکھتی سی۔

ہرنام داس: جیتیا، ایناں تے سانوں ساریاں نوں ای پتہ سی کہ توں بندہ بہت ای سمجھدار ایں، پر یار تیرا وی چیتا کمال دا اے۔ ایہہ سارا کجھ تینوں کداں یاد رہ گیا؟ تیری وی داد دینی بندی اے۔

ہرنام داس جیتے توں بہت پربھاوت ہویا۔

منشی رام: نامھ داس بالکل ٹھیک آکھدے جیتیا۔ توں تاں سوہری دیا بڑا تگڑا پنڈت بن گیا ایں۔ سانوں وی کجھ بھڑا جایا کر۔

جیتا: تایا جی میں سونہہ کھا کے آکھداں، مینوں آپ نہیں پتہ کہ ایہہ سارا کجھ مینوں کیویں یاد اے۔ یقین کریو، لگدی، نانک آپ ای میرے مونہوں سبھ کجھ کڈھوائی جاندے۔

تیز بھان: ضرور ایہو ای گل ہونی ایں۔ تیرا ڈماک چنگے، پر اینا چنگا وی نہیں۔

جیتا: جاہ پھر، میں اگلی گل نہیں دسدا۔ اوہنوں پچھ لے، جیہدے تے تینوں بہتا یقین ایں۔ جیتا ناراض ہو گیا۔

ہرنام داس: اونہیں پُترا، تیرے تے سانوں پورا جکین ایں۔ ایہہ تیجو تاں ایویں جو جی وچ آوے بک دیندا اے۔ ہن سارے چپ کرکے سُنو۔ جیتا رام ودھیا گلاں سنا رہے۔ چل جیت راما، غصہ نہ کر تے بیبا پُت بن کے سانوں وی کوئی ربی گیان حاصل کر لین دے۔ بئی جو کجھ جیتے نے سنایا اوہ کوئی بچہ تاں کی کوئی وڈا پنڈت وی نہیں کر سکدا۔ اتھوں تاں نانک واقعی ای کوئی اوتار ای لگدا۔

منشی رام: نامھ داسا، پنڈت کی ہویا؟ اک وڈے پنڈت دی تاں نانک نے چنگی کھنب ٹھپتی۔ ہور پنڈت کیہو جیہے ہون گے؟

نرائن چند: بئی میری تاں نانک نوں نمسکار اے۔ کوئی بہت وڈا مہاں پُرکھ ای لگدا۔ ایہہ وی چنگا ہویا، سانوں وی جیوندے جی، اوہدے درشن ہو جان گے۔ چل جیتے پُترا، اگوں سُنا۔ دھرم نہ جی کردے تیریاں ایہہ گلاں سُنی ای جایئے۔

جیتا: چل تایا، تہاڈے آکھے سُنا دینداں۔ تایا تیز بھانا، تُوں اپنے کن بند کر لے۔

تیز بھان: چل پُترا ہن غصہ تھک دے، میں تے ایویں شکل نال ای آکھیا سی۔ توں سُنا اگے۔ دیوی دی سونہہ ہن کجھ نہیں آکھدا۔

جیتا: پنڈت دی اوس گل تے نانک نے پھر آکھیا،

(نانک جی): پنڈت جی جیہڑا جنیئو ایس جنم وچ وی کئی وار ٹٹدا، میلا ہوندا جاں گواچ جاندا اے تے کئی وار پاؤنا پیندا، اوہدا کی لابھ؟ ایہہ تاں انسان دے مرن دے نال اتھے ای سڑجو جاں اتھے ای رہ جو، اینے اگے ربّ دی درگاہ وچ نال تے نہیں جانا جتھے تہاڈے کیتے کرماں دا نبیڑا ہونا ایں۔ چنگے ماڑے کرماں دا، تے پوترتا دا پتہ تاں اوتھے جاکے ای لگنا ایں۔ کچے دھاگے دے جس جنیئو نے اتھے ای رہ جانا ایں اوہ اوتھے کی سوارو؟ نالے تہاڈے حساب نال اچیاں جاتاں دے لوک تے ماڑے کرم کردے ای نہیں، سو اوہناں نوں جنیئو پاؤن دی کی لوڑ؟

ہن تاں پروہت ہردیال دا بہت ای بُرا حال ہوگیا۔ اوہ سمجھی بیٹھا سی کہ جو جواب اوہ دے کے ہٹیا سی، اوس توں پچھوں نانک کول ہور کوئی سوال نہیں رہ گیا ہونا، پر اتھے تاں گل ای ہور دی ہور ہوگی۔ پروہت پوری ترانھ لاجواب ہوگیا لگدا سی۔ ہار کے جویں اوس نے ہتھیار سُٹ دتے ہون۔ تے چھیکڑ اوس نے آخری تیر چلا کے لوکاں دا ساتھ جتنا چاہیا۔

(پروہت): چھوٹے ججمان، کی تسیں جنیئو پاؤن دے الٹ ہو، تے کہہ رہے او کہ شاستراں دے ایہہ ریتی رواج سبھ غلط نے، تے دیوتے وی جنیئو پاکے بھٹکناں وچ پئے ہوئے سی؟

منشی رام: پروہت دی ایہہ گل تے ٹھیک سی۔ نانک کول ایہدا وی کوئی جواب سی؟

ہرنام داس: منشی راما، اینا کاہلا کیوں پینا ایں؟ منڈا دسن تے ڈہے۔ اوہدی سُن لے جاں پروہت جی نُوں اتھے سد لینے آں، توں جو سر یا جباب دے لئیں۔

جیتا: سچیں تایا، تھوڑا جیرا تے کر۔ مینوں دس لین دے۔ نانک دا جواب سُنیں گا تے چکر کھا جائیں گا۔ پتا اِی اوہنے کی آکھیا؟

منشی رام: ہوں؟

جیتا: مینوں آپ وی بھاویں سارا یاد نہ ہووے، پر کجھ ایداں آکھیا،

(نانک جی): پروہت جی میں جنیئو پاؤن دے اُلٹ نہیں؛ میرے ولوں بھاویں کوئی موٹے موٹے رسے وٹّ کے پالے۔ پر جو گن تسیں ایس کچے دھاگے دے دس رہے او، اوہ گُن ایہدے وچ کوئی وی نہیں۔ نہ ایہدے پاؤن نال کوئی انسان پاک ہو سکدا اے، تے نہ اِی ایہدے پاؤن نال کوئی ماڑے کرم کرن توں ورجیا رہندا اے۔ کئی براہمن تہرے تہرے جنیئو پاکے دوجیاں دا حق کھاندے نیں، جھوٹھ بول بول کے اوہناں نوں ٹھگدے نیں، تے جھوٹھے ہی شبھ تے اَشُبھ دن دس کے لوکاں نوں وہماں بھرماں وچ پاؤندے نیں۔ اپنے کولوں ای جھوٹھیاں کہانیاں بنا بنا کے لوکاں نوں ڈراؤندے تے جبری دان لیندے نیں۔ میں جنیئو پاؤن نُوں تیار آں، پر اوہ جنیئو جیہڑا انسان دے جسم لئی نہیں، سگوں اوس دی روح واسطے ہووے۔ اوہ جنیئو جیہدے پاؤن نال اوس نُوں ربّ دی درگاہ وچ مان ملے۔ جے اجیہا جنیئو تہاڈے کول ہے تاں سو واری میرے گل وچ پا دیو، پر ایہہ کچا دھاگہ میں اپنے گل وچ نہیں پاؤنا۔

تایا ایہو جیہیاں ڈونگھیاں گلاں اج تک کدے کسے نے نہیں سنیاں سن، اوہ وی اک چھوٹے جیہے بچے دے مونہوں۔ سبھ نے منہ وچ انگلیاں پالئیاں۔ کجھ چر تے کوئی بول اِی نہ سکیا جیویں ساریاں تے جادو چھا گیا ہووے۔ پر بے بے نانکی بہت خوش لگدی سی۔ اوہدے تاں جانو دھرتی تے پیر ای نہیں سی لگدے۔ اوہنوں ضرور اپنے وِیر تے مان سی۔

کجھ دیر پچھوں سبھ آپو وچ گھسر-مسر کرن لگ پئے۔ ''بھئی کمال اے۔ ایداں تے کدے نہیں سُنیا''۔ ''بئی نانک تے اوتاراں والیاں گلاں کردا اے، ساڈی سمجھ توں تے بہت اُچیاں نیں''۔ چار چھیر یوں ایہو جہیاں کئی واجاں آئیاں۔ پروہت بُری طرح

کڑکی وچ پھس گیا۔ پر اک واج نے اوہنوں کجھ حونصلہ دتا، ''بئی نانک نے جو آکھنا سی آکھ لیا، چلو ہن گھر والیاں دی رکھ لوے، اوہناں ایڈا وڈا اکٹھ کیتا اے۔ اوہنوں چاہیدا اے ہن جنیئو پوا لئے، جے نہیں رکھنا بھلکے پرسوں لاہ دیوے، پر حال دی گھڑی ضرور پوا لے۔ ایس واج نال پروہت نے کجھ حونصلہ پھڑیا تے اوہ متھے توں مڑھکا پونجھد یاں بولیا۔

(پروہت): چھوٹے ججمان، جیہڑے جنیئو دی تسیں گل کردے او، اوہدے کی گُن نیں؟

(نانک جی): پنڈت جی تہاڈا جنیئو کپاہ دے سوت توں بنیا ایں جیہنوں گنڈھاں تساں دتیاں نیں۔ مینوں اوہ جنیئو بنا دیو جیہدے وچ کپاہ دی تھاں تے رحم ہووے۔ براہمن لوکاں تے رحم نہیں، ظلم کردے نیں۔ میرے والے جنیئو دا سُوت، صبر تے اطمینان دا ہووے۔ لوکاں وچ ترپتی نہیں، تے ترشنا دی اگ وچ سڑدے نیں۔ جنیئو اوہ ہووے جیہڑا پاؤن والے نوں اطمینان بخشے۔ اندریاں دے چسکے ای انسان کولوں ماڑے کرم کراؤندے نیں۔ تہاڈے والا جنیئو تاں اندریاں واسطے ہے ای نہیں۔ میرے جنیئو دیاں گنڈھاں اجیہیاں ہون کہ اوہ اندریاں نوں قابو وچ رکھن جیہناں نال پہنن والے دا اخلاق اُچا تے سُچا بنے۔ ایس جنیئو دے دھاگے نُوں لوک سیوا دا وٹّ چڑھیا ہووے۔ اجیہا جنیئو تہانوں ربّ دی درگاہ وچ سنمان دواؤندا ہے۔ تسیں عورتاں نُوں تاں جنیئو پہنن دے لائق اِی نہیں سمجھدے، میرے والا جنیئو کی مرد کی عورت، کی اُچی جات، کی نیویں جات - سبھ لئی لاہے وند ہے تے کسے وچ وتکرا نہیں کردا۔ سو، جے ایہہ جنیئو ہے تاں پہنا دیو۔

نانک نے دو ٹک گل کہہ دِتی۔ پروہت ہن ایہہ جنیئو کتھوں لیاوے؟ اوہ کجھ وی بول نہ سکیا۔ اوس نے مہتہ جی نوں اشارہ کیتا کہ اوہ سمجھا کے ویکھ لین۔

مہتہ جی آکے پُتر نوں جنیئو پاؤن لئی زور لاؤن لگے تے آکھیا،

(مہتہ جی): نانک، پُتر، اساں تہاڈیاں گلاں سُنیاں نیں تے اوہناں وچ کجھ وزن بھی اے۔ پر اسیں ہزاراں سالاں توں تُری آؤندی رسم نُوں اِک دمّ بھنگ وی نہیں کر سکدے۔ پروہت جی ٹھیک آکھدے نیں تُوں اوہناں دی گل من لے۔ ایہدا کیہڑا کوئی بہت بھار اے، جاں ایہنوں کیہڑے کوئی کنڈے لگے نیں جیہڑے تینوں چُبھ جان گے۔ جدوں تیری مرضی ہوؤ لاہ دئیں، پر ہن پا لے۔ میرا برادری وچ نک نہ وڈھا، تے بیبا بچہ بن کے پا لے۔ ویکھ کِنے لوک ایس خوشی دے موقعے تے آئے ہوئے نیں، جے توں نہ پایا، ایہہ سارے ساڈا موجو نہ اڈاؤن گے۔ ایہناں سامہنے میری اِجت نہ رول تے مینوں دکھی نہ کر۔ میں بھلکے برادری وچ منہ کیویں وکھاواں گا؟

لگا جویں مہتہ جی دیاں گلاں سُن کے نانک وی کجھ دکھی ہوگیا ہووے۔

پریتو: ایہہ بالکل ٹھیک اے، نانک دے چہرے تے اُداسی میں وی ویکھی سی۔ جدوں سارے لوکاں نُوں پتہ لگ گیا کہ نانک نے دھاگہ پاؤن توں نہ کر دِتی سی، مویں لاگے ہو گیا سی۔

منشی رام: لے بئی، پریتم چند نے وی کمال کرتی تے ہر گل دی پوری بڑک رکھی۔

تیز بھان: او پریتو سمجھدار اے۔ ایہنوں پتے کہ کیہڑی گل دی بڑک رکھنی ایں تے کیہڑی دی نہیں۔

پریتو: لے، تسیں مینوں کی سمجھدے او؟ کئی گلاں وچ میں جان کے ای مست رہناں؛ ایویں من تے وادھو تے وادھو بوجھ پاؤن دا کی پھیدا؟

پریتو دی گل تے سارے ہس پئے۔

ہرنام داس: چل جیت راما، توں گل اگے تور۔ میں تاں تیریاں ای سننیاں چاہناں۔ ایہناں دی بک بک تے سارا دن سُنی دی اے۔

جیتا: او تایا، تساں مینوں پھر بھلاتا۔ کتھے سی میں؟

نرائن چند: اوتُوں دس کے ہٹیا سی کہ مہتہ جی نے برادری دے

اکٹھ دا واسطہ دے کے نانک نوں مناؤن دی کوشٹ کیتی۔

جیتا: بالکل ٹھیک۔ باپ نوں دُکھی ویکھ کے نانک کجھ چِر چُپ رہیا، پر پھر واہوا اُچی واج وچ کہن لگا،

(نانک جی): پِتا جی تہانوں دُکھی ویکھ کے مینوں خود بہت دکھ ہو رہیا اے۔ تہانوں دُکھی کرنا میرا بالکل مقصد نہیں۔ پر لوکائی جہالت دے ہنیرے وچ بھٹک کے بہت دُکھ بھوگ رہی اے۔ حکومتاں تے ساڈے دھارمک آگُو لوکاں وچ جہالت دا ہنیرا ہور سنگھنا کر رہے نیں۔ تسیں آپ سوچو، جد پنڈت جی نے ایہہ تصدیق کردِتا کہ جنیئو پاؤن نال انسان دے گناہ دُھپ جاندے نیں تے اوہ پاک ہو جاندا اے، تاں لوک سگوں بے دھڑک ہوکے گناہ نہ کرن گے؟ اوہ سوچدے نے کہ جد جنیئو پاؤن نال پاپ دُور ہو جانے نیں تاں کیوں نہ کُھل کے پاپ کیتے جان؟ اجیہے وچاراں نال دِنودن انسان دا اخلاق سگوں ماڑا ہوئی جاندا اے تے اوہ ہور جہالت دے ہنیرے وچ ڈُبدا جاندا اے تے ایس طرح ہور دُکھ سہیڑ رہیا اے۔ پنڈت تیرتھاں بارے وی اجیہے ای وچار لوکاں وچ پھیلاؤندے نیں۔ خلقت دے رچنہار پاسوں اپنی خلقت دا دُکھ ویکھیا نہیں جاندا تے میں لوکائی نوں ایس جہالت دے کھوہ وچوں کڈھ کے ایس دا دُکھ گھٹاؤنا چاہنا۔ اوس رچنہار دا میرے لئی ایہو ای حکم ایں۔ اصل وچ میں کسے اجیہے اکٹھ دی ہی اُڈیک کر رہیا سی تاں جو میں لوکاں نال کجھ وچار سانجھے کرسکاں۔ نہیں تے جے میں صرف جنیئو پاؤن توں ہی نہ کرنی ہوندی، تاں تہانوں کئی دِن پہلاں دا کہہ چُکیا ہوندا۔

ایہہ کہہ کے نانک کجھ چِر لئی چُپ ہوگیا۔ لوکاں نوں وی ایہہ وشواس نہیں ہورہیا سی اک چھوٹا جیہا بچہ گیان دیاں اینیاں ڈونگھیاں گلاں کررہیا سی۔ اوہناں نوں سمجھ نہیں آرہی سی کہ اوہ کی کرن۔ بہتے تاں بالکل بُت بنے ہوئے سن۔ میرا اپنا سارا پنڈا سُنّ ہویا ہویا سی۔ میرے اندروں کوئی طاقت مینوں مجبور کر رہی سی کہ میں جاکے نانک دے پیراں تے سر رکھ دیاں۔ بس لوک لاج ای مار گئی۔ میں دعوے نال آکھ سکناں کہ بہت لوک ایداں ای سوچدے ہون گے، پر میرے وانگ لوک لاج توں ای ڈردے رہے۔ اوس ویلے کوئی کسک وی نہیں سی رہیا۔

ہرنام داس: جیت راما، میرا سریر تاں گلاں سن سن کے ای جھوٹھا پئی جاندا اے۔ جے میں اوتھے ہوندا پتا نہیں کی بندا؟ ایہہ گلاں کسے اوتار دیاں نیں، کسے نیانے دیاں نہیں۔ مینوں تاں چھیتی اوہدے درشن کراؤ۔

نرائن چند: میرا وی ایہو ای حال اے۔ نامھ داسا، چل آپاں ہنے چلیئے۔ ایس کھوٹے من دا کوئی تبار نہیں کیہڑے ویلے بدل جاوے۔

تیز بھان: ہئ ایس ویلے تے میرا من وی ایہو ای کہہ رہے۔

منشی رام: تسیں گلاں ای کرن جوگے او۔ ترن ویلے کسے نہیں ترنا۔

ہرنام داس: تینوں ہنے ای دس دیاں گے، بس جیتے نُوں پوری گل مُکا لین دے۔

پریتو: او تایا، اسیں بدقسمت گنگا گئے وی سُکے ای آگئے آں۔ چلو، تسیں جان والے بنوں، میں گھلے دا جکا لے آؤں۔ اوہدی گھوڑی بڑا بھجدی اے۔

نرائن چند: چلدے آں بس جیتے نوں گل پوری کر لین دیو۔ چل پُت جیتیا، اگے دس۔

جیتا: تایا، کجھ چِر چُپ رہ کے نانک پھر آکھن لگا۔

(نانک جی): گل اِکلے جنیئو دی نہیں، ایہہ تاں ہزاراں کریتیاں چوں اک اے جیہناں کرکے ربّ دے لوک دُکھی ہورہے نیں۔ دُنیا وچ دھرم دا وکھاوا بہت اے، پر ایس نُوں صرف ٹھگی لئی ای ورتیا جاندا اے۔ براہمن دھوتی، ٹکا، مالا تے جنیئو وغیرہ دے

مذہبی نشان پہن کے دُنیا نُوں صرف ٹھگدے ای نہیں سگوں اوہناں نُوں جہالت دے ہنیرے وچ ہور دھکیلدے ہن۔ ہر موجود موقعے تے، جویں کہ جمن، مرن، ویاہ، گریہہ پرویش وغیرہ تے جبری دان لیندے نیں تے جھوٹھے مہورت کڈھکے لوکاں نال ٹھگی ماردے نیں۔ مسیا، پورنماشی، گرہن وغیرہ دے مذہبی بھلیکھے پاکے اک تاں لوکاں کولوں پیسے ٹھگدے نیں تے دوسرے اوہناں نُوں وہماں بھرماں دے جال وچ اجیہا پھساؤندے نیں کہ لوک ایہناں دے جولے ہیٹھوں کدے نکل نہ سکن۔ ہر پاسے ہی ہنیر گردی اے۔ اج موقع بنیا سی کہ لوکاں نُوں وہماں بھرماں دے جال توں جانُو کروایا جاوے۔ مینوں دُکھ اے کہ میں تہانوں وی دُکھی کیتا اے، پر میرے کول کوئی ہور چارہ نہیں سی۔ اجیہا موقع پھر اوکھا ای ملنا سی۔

ایہہ کہہ کے نانک چُپ کرگیا۔ مہتہ جی وی کجھ نہیں بولے۔ آئے ہوئے سارے پروہنے وی منہ تے جندرے لائی بیٹھے سن۔ ہریک بندہ نانک دے آکھے بچناں نُوں تول رہیا سی کہ اوہناں وچ کنی سچائی ہے! نانک اُٹھ کے چلا گیا۔ بہت پرکار دا بھوجن بنایا ہویا سی، پر کنیاں نے کھادا تے کنیاں نے نہیں۔ ایہہ کہہ کے جیتا وی چُپ کرگیا۔

ہرنام داس: بئی مینوں تے بہت کھچ پے رئی اے نانک دے درشناں نُوں۔ میرا تاں جی کردا اے کہ اُڈّ کے چلا جاواں۔ اجیہا بالک تے ضرور ربّ دا ای روپ اے۔ زندگی دا کی بھروسہ، کیہڑے ویلے دھوکھا دے جاوے۔ میں چلیاں، باقی جِنے آؤنا آجاوے۔

ایہہ کہہ کے ہرنام داس کھونڈی دے سہارے اُٹھ کے کھلو گیا۔

نرائن چند (پریتو ول ویکھ کے): جاہ پُترا تُوں جاکے گھلے دا جکا لے آ۔ میں تے آپ نہیں رُک سکدا۔

منشی رام: سوہری دیو، میں اینا ماڑاں؟ مینوں کیوں پچھے چھڈ چلے او؟

تیز بھان: تسیں یکا ڈیکو۔ میں تے ہنے چلیاں۔

تیز بھان نے دو الاگھاں بھر لئیاں۔ پریتو یکا لین چلا گیا۔ جیتا کھڑا مسکرا رہیا سی تے سوچ رہیا سی کہ کِنے چنگے نے ایہہ سدھے سادھے لوک تے کیویں سچے سچے انساناں نُوں شردھا نال پیار کردے نیں، بھاویں اوہناں دی عمر کنی وی چھوٹی کیوں نہ ہووے۔

پردہ ڈِگدا ہے

ایس موقعے تے جگت گورو نانک پاتشاہ نے جو پاون بچن اُچارے اوہ ہیٹھ لکھے پاون شبداں دا ترجمہ ہے۔

1۔ سلوک محلہ:1 (471)

لکھ چوریا لکھ جاریاں لکھ کوڑیا لکھ گال۔ لکھ ٹھگیا پہنامیا رات دنسُ جی نال۔ تگ کپاہ کتیئے بامن وٹے آءِ۔کُوہ بکرا رِن کھایا سبھ کو آکھے پاءِ۔ ہوءِ پُرانا سُٹیئے بھی پھِر پایئے ہور۔ نانک تگ نہ تُٹیئے جے تگ ہووے جور۔

2۔ سلوک محلہ:1 (471)

دئیا کپاہ سنتوکھ سوت جت گنڈھی ست وٹ۔ ایہہ جنیئو جی کا ہئی تے پاڈے گھت۔ نہ ایہہ تُٹے نہ مل لگے نہ ایہہ جلے نہ جاءِ۔ دھن سو مانس نانکا جو گل چلے پاءِ۔ چوکڑ مل انایا بہہ چوکے پایا۔ سِکھا کن چڑائیا گُر براہمن تھیا۔ اوہ موآ اوہ جھڑ پیا ویگا گیا۔

3۔ سلوک محلہ:1 (471)

مانس کھانے کرہ نواج۔ چُھری وگائن تِن گل تاگ--- متھے ٹِکا تیڑ دھوتی لکھائی۔ ہتھ چُھری جگت قصائی۔

4۔ محلہ:1 (471)

تگ نہ اِندری تگ نہ ناری۔ بھلکے تُھک پوے نِت داڑی۔ تگ نہ پیری تگ نہ ہتھی۔ تگ نہ جِہوا تگ نہ اکھی۔ ویگا آپے وتے۔ وٹ دھاگہ اورا گھتے۔

❁❁❁

پاکستان یاترا
مٹھیاں یاداں

(ساڈا ایہہ کارنر "پاکستان یاترا مٹھیاں یاداں" مستقل طور تے
تہاہی میگزین "سانجھا پنجابی ورثہ" دا حصہ بن رہیا اے،
تُسیں وی اپنیاں پاکستان دیاں یاداں ساڈے نال سانجھیاں کرو،
تہاڈیاں یاداں "سانجھا پنجابی ورثہ" دا شنگار بنن گیاں۔)

پاکستان بارے وچار

ڈاکٹر چرنجیت سنگھ پنوں

سکھاں دا دھرم، تاریخ، ثقافت، سیاست اتے سکھاں دے بھرپور ورثے دیاں جڑھاں پاکستان وچ موجود نیں۔ لاہور، ننکانہ صاحب، کرتار پور، پنجہ صاحب اتے کئی ہور گردوارے اتے سکھ دھام پاکستان وچ رہ گئے۔ سکھ ریاست دے واحد مہابلی مہاراجہ رنجیت سنگھ، اوہناں دیاں ساریاں کارنامیاں تے پراپتیاں دیاں جڑھاں پاکستان وچ نیں۔ کسے وی قوم دی تاریخ تے ورثہ اک قیمتی اثاثہ ہوندا اے جیہدے تے اوہ فخر کر سکدی اے۔ ایہ سرمایہ اوس دے وارثاں تے پیروکاراں دے لئی پریرنا دا ذریعہ بندا ہے۔ انگریزاں نے نابالغ دلیپ سنگھ اتے اوہدی ماں رانی جنداں کولوں 1849ء وچ دھوکے نال جاں زبردستی نال سکھ راج کھوہ لیا۔ اوہناں دے پچھے ہٹن دے ویلے، اوہ اپنی بادشاہت واپس لین دا حق دعویٰ کر سکدے سن۔ گوریاں نوں وی شاید ایس گل تے کوئی اعتراض نہ ہوندا۔

من حیران تے دُکھی ہوندا اے کہ جدوں پاکستان بنیا سی تے ساڈے لیڈراں دی کیہ مجبوری سی کہ اوہ اپنے ذاتی مفادات یا ٹلاہجیداریاں کرکے گُنگ وٹے بنے رہے تے اپنے جند جان توں پیارے گُردھام تے ورثہ پچھے چھڈ کے واہگے توں پار ٹپ گئے۔ جے کسے مورکھ بندے نُوں وی تُسیں اجیہی صورتحال وچ پچھو کہ تُوں اپنا دھرم تے ورثہ چھڈ کے اودھر جانا چاہیں گا کہ ایدھر رہنا چاہیں گا؟ اوہ بناں جھجک آکھے گا، 'میں اپنی جانتوں پیارے گُردھاماں دے کول ایدھر ہی رہاں گا۔ میں اپنی تاریخی یادگاراں دے کول ہی رہنا چاہواں گا۔' سعادت حسن منٹو دی کہانی 'ٹوبھا ٹیک سنگھ' ایہدی صاف مثال اے۔ کہانی دا نائک اک پاگل خانے وچ بند اے۔ اوہنوں پتہ چلدا اے کہ سارے سکھ قیدی چھیتی ہی ہندوستان جان والے ہن۔ اوہ جان توں انکار کردا اے۔ بار بار پچھدا اے کہ ٹوبھا ٹیک سنگھ کتھے اے؟ اوہدا مطلب سی کہ ٹوبھا ٹیک سنگھ وی نال جاوے گا۔ جے ایہہ چڑھدے پنجاب ول نہیں جاوے گا تاں اوہ وی ہندوستان نہیں جاوے گا۔ جدوں اوہنوں کہندے ہن کہ ایہہ اودھر ہی جاوے گا تاں اوہ تیار ہوجاندا اے۔ **پتا نہیں ساڈے آگواں دے من تے کی پردا پے گیا کہ اوہناں نے اپنے ایہہ مقدس دھام بیگانیاں دے ہتھیں پھڑا کے اینی وڈی تاریخی غلطی کیتی ہے۔ ایس نے سکھ قوم نُوں نُوں تباہی دے راہے پا دتا۔ ہُن ایہناں تھاواں دیاں زیارتاں لئی کِنے پاپڑ ویلنے پیندے نیں۔ کاش! اوس ویلے سوچیا ہوندا۔** سکھ تاریخ نال جُڑیاں ایہناں مذہبی، سیاسی تے سماجی یادگاراں تک ممکنا پہنچ نُوں غنیمت سمجھ کے ہُن اوہناں دا مطالعہ اَتے سانبھ سنبھال دا ڈُھکواں پربندھ کرنا کرواؤنا وی بہت ضروری اے۔

پرانیاں ویلیاں توں ہی انسان بدامنی توں پرے امن لبھن لئی جنگلاں وچ گھومدا رہیا اے۔ نت دِن دیاں لڑائیاں توں تنگ آکے دونے ملکاں دے شہری دوبارہ دوستانہ ماحول دی تشکیل نُوں ویکھن دے طلبگار ہوگئے۔ ایس پاڑ نوں میلن واسطے بہت ساریاں کوششاں کیتیاں گئیاں۔ اسیں امن دی بحالی تے پرانی دوستی دی بحالی دا پیغام لے کے پاکستان دے دوستاں تے عوام کول وی گئے۔ اوہناں نے دُون سوائیاں رِیجھاں چاواں نال ساڈا استقبال کرکے بھاجی موڑی اے۔ اسیں امن دی شعلہ بال آئے آں۔ ایس نوں بلدیاں رکھن دی یقین دہانی تے ردِعمل وی جھولیاں بھر کے ملیا اے۔

گورمکھی رسم الخط دیہاڑ

گورمکھی لپی دِوس ویہی نار نال خطاب کردیاں ڈاکٹر سکندر جی نے کہیا کہ پنجاب 47 توں بعد وی بھارت والے پاسے کئی حصیاں وچ ونڈیا گیا۔ بھارتی پنجاب وچ گورمکھی لپی دا ورتارا ہوندا اے۔ گورو انگد دیو جی نُوں 1596ء وچ گوریائی ملی۔ منیا جاندا اے کہ گورو نانک جی نے سانوں گورمکھی لپی دتی سی کجھ وِدواناں دا کہنا اے کہ گورمکھی لپی نوں گورو انگد جی نے دان کیتی۔ اوہناں مزید کہیا کہ جدوں کوئی لپی یاں بولی کسے دھرم نال جُڑدی اے تے اوہ پوتر ہوجاندی اے۔ مثال اوہناں دِتی کہ جیویں حضرت محمد ﷺ نے عربی بولی وچ اپنی تعلیمات پیش کیتیاں تے عربی بولی پوتر ہوگئی انجے گورمکھی لپی وی جدوں گورو صاحب نے حکم دتا کہ ایہدے وچ لکھیا پڑھیا جاوے تاں ایہہ لپی وی پوتر تے مقدس ہوگئی۔

چمکور سنگھ جی نے کہیا کہ گوربانی دی بھاشا بارے گل کراں گا کیوں جو لپی تے بھاشا الگ الگ نہیں اے۔ خاص طور تے ساڈی سکھ روایت دے وچ گورمکھی شبد لپی تے بھاشا دوواں وچ ورتیا جاندا اے۔ گورمکھی نُوں اسیں پینتی اکھری آکھدے ہاں۔ پینتی اکھر نیں ایہہ گورو مُکھ صاحبان چوں نکلی بولی نُوں لکھتی روپ وچ لیان واسطے اے۔ گورو نانک صاحب دی اگوائی وچ گورو انگد جی نے بہت سوہنے ڈھنگ نال ایہنوں ستھاپت کیتا اَتے ایہدے لئی جو وی کرنا بندا سی اوہناں نے کیتا۔

ڈاکٹر کلیان سنگھ کلیان نے ڈاکٹر سکندر جی نُوں مخاطب کردیاں ہوئیاں کہیا کہ پتا نہیں گورمکھی وچ کتھوں اینے مشکل مشکل لفظ تُسیں لے آندے، جیہڑے سانوں ڈکشنریاں وچوں وی نہیں مل رہے۔ ڈاکٹر کلیان نے بینتی کیتی کہ جیہڑی ساڈی پُراتن شبداولی ہے جیہڑی کہ ساڈے گورو صاحبان دی شبداولی ہے اوہناں شبداں نُوں ہی مُکھ رکھ کے لکھتاں وچ ورتیا جاوے نہ کہ ہور شبد گھڑے جان۔

جوگا ورک جی نے کہیا کہ جیہڑے ساڈے مُول پنجابی بھنڈار نے، اوہناں نُوں ہی لکھتی روپ وچ ورتنا چاہیدا اے۔ اوہناں کہیا کہ ساڈے بولی وچ جیہڑے دوجیاں زباناں دے لفظ موجود نیں اوہناں نُوں باہر کڈھ کے مُول پنجابی بھنڈار نُوں ورتیا جاوے۔

اِروند سنگھ جی نے کہیا کہ دوواں پنجاباں وچ لکھتی روپ وچ جو ملدا اے اوہدے وچ دوجیاں بھاشاواں دے لفظ ڈھیراں واڑ دِتے گئے نیں۔ لوڑ اے کہ ایہدے لئی کوشش کیتی جاوے کہ ایہنوں خالص پنجابی بولی دے لفظ ورتے جان۔

گرچرن سنگھ جی نے کہیا کہ ہوئیاں ساریاں گلاں توں میں ایہہ سِٹا کڈھیا کہ جنیاں زباناں ہندوستان وچ بولیاں جاندیاں نیں اوہناں وچوں سبھ توں امیر پنجابی بھاشا اے۔ ایہہ اِک اجیہی بولی اے کہ ایہدے وچ ساریاں بولیاں دے شبد سما جاندے نیں۔

میجر سنگھ پنجابی نے کہیا کہ گورو انگد جی دا گوریائی دیہاڑا اے اوہ اَج اسیں باخوبی منایا اے۔ اوہناں کہیا کہ اجیہے اُپرالے اِنجے اِی ہوندے رہنے چاہیدے نیں۔

انٹرنیشنل ڈیموکریسی ڈے

گورچرن سنگھ نے ویبی نار نُوں سمبودھن کردیاں کہیا کہ آؤن والیاں نسلاں لوک تنتر نُوں اودوں سمجھ سکدیاں نیں جدوں اجوکیاں پیڑھیاں لوک تنتر دا آنند مان رہیاں ہون۔

ڈاکٹر ہرچندر سنگھ دِلگیر نے کہیا کہ جتھوں تک ڈیموکریسی دا مسئلہ اے ایہہ بڑی ودھیا چیز اے۔ پر ایہدے وچ دو کُو گلاں بڑیاں غلط ہوجاندیاں نیں جیہڑیاں ایہدا اصل پرپز ختم کر دیندیاں نیں کجھ حد تک۔ ووٹنگ سسٹم اے ڈیموکریسی وچ الیکشن تے ہونے ای ہوندے نیں۔ 51 فیصد نہ ہووے تے اوہ جِت نہیں سکدا۔ کُل ملا کے ڈیموکریسی دے مسائل سارے مُلکاں وچ اِکو جیہے نیں۔ سبھ توں وڈا نقص ایہہ اے کہ اِک مجوٹیرن رُول بن جاندا اے کہ جے تہاڈی اِک سیٹ ودھ آجاندی اے تے ساری دی ساری پاور تُسیں اپنی مرضی نال استعمال کرنی اے۔ ایہہ مسئلہ ڈیموکریسی وچ بہت زیادہ اے۔ فیر وی جے آپاں تجزیہ کرلیے تاں ساریاں آئیدیالوجیاں وچوں لوک پرزنٹڈ واسطے ڈیموکریسی ہی بہتر منی جاندی اے۔

ڈاکٹر بھگت اٹوال نے ویبی نار نال سمبودھن کردیاں کہیا کہ ڈیموکریسی بارے کوئی نالج دی کمی تاں ہے نہیں، اسیں تجربہ وی کررہے آں ڈیموکریسی نُوں۔ اوہناں ہور کہیا کہ آرٹیفشل انٹیلی جنس نُوں اسیں گُڈ گورنس لئی کیویں ورت سکدے آں، موجودہ زمانہ کمپیوٹر ٹیکنالوجی دا زمانہ اے تے کیوں نہ اسیں ایس جدید ٹیکنالوجی نُوں گُڈ گورنس واسطے ورتیے۔

گُربخش سنگھ جی نے کہیا کہ ڈیموکریسی دیاں تعریفاں وکھ وکھ وِدواناں نے وکھ وکھ کیتیاں نیں پر ایہہ ساریاں لگ بھگ اِک دوجے نال ملدیاں جُلدیاں نیں۔ ڈیموکریسی ڈفائن کرنا ہوئے تے اوہ لوکاں دے نال اے تے جے لوکاں نُوں وچوں کڈھ دیو تے ڈیموکریسی رہندی نہیں۔ لوکاں دے بارے اِی ڈیموکریسی اے۔ لوک ہے نہیں تے ڈیموکریسی ہے نہیں۔

اشوک بھنڈاری جی نے کہیا کہ اسیں وِدواناں دیاں گلاں سنیاں اوہناں کہیا کہ مہاراجہ رنجیت سنگھ نے راج کیتا تے اپنا ناں چمکایا۔ لوکاں نے اوہناں دے راج دے آنند مانیا۔ پر ہُن ساڈے سامنے جیہڑیاں گلاں آرہیا نیں، ایس ویلے ساڈے مُلک دی جیہڑی ڈیموکریسی اے اوہ ساڈے لئی بہت وڈی اِی رِکوائرمنٹ اے کہ کس طریقے نال ایہنوں بیلنس کرنا اے۔

رنجیت سنگھ دھالیوال ایڈووکیٹ نے کہیا کہ مینوں بہت سارے مُلکاں نُوں ویکھن دا موقعہ ملیا۔ اوہناں کہیا کہ ساڈے جیہڑے ایم پیئیز، ایم ایل نے اوہ جواب دہ نہیں ہے گے۔ جیہڑے امریکہ انگلینڈ وغیرہ وچ نے اوہ جواب دہ ہے نیں۔ جے اوہناں نُوں اوہناں دی پارٹی وی کوئی گل کہوے تے اوہ پارٹی دی وی گل نہیں منن گے سگوں اوہ کہندے نیں کہ میں اپنے لوکاں دا جواب دہ آں۔ میں اپنے لوکاں دی گل کرنی اے اوہناں دے فائدے دی گل کرنی اے۔ رنجیت سنگھ جی نے کہیا کہ اصل ڈیموکریسی وی ایہو ای اے۔

گُرچرن سنگھ جی نے کہیا کہ اَج دے ڈیموکریٹگ آگو نیں، اوہناں نے ڈیموکریسی نوں اپنا وپار بنا لیا۔ لیڈرتوں بعد جیویں انگلینڈ وچ ڈِوان رائٹ آف کنگس ہوندا سی، اوس طریقے نال جیہنوں اسیں اِک واری چُن لیندے آں، اوہ سمجھدا اے کہ اسیں ہُن صرف ایہو کم کراں گے ہور کم کوئی نہیں کرنا۔ اوہدا سارا خاندان اوسے پاسے لگ جاندا اے۔ کیونکہ اوہدے وچ پنشنا لگدیاں نے اَج کل انڈیا وچ تاں۔ جنی واری چُنیا جاوے اوہنوں اونی واری پنشن ملدی اے۔ ایہہ کوئی سرکاری نوکری نہیں، اِک سرکاری ملازم پنجھی تیہہ سال نوکری کردا اے اوہنوں پنشن لوان لئی در در رُلنا پینداِ۔ ایہناں نُوں گھر بیٹھے اِی پنشناں ملدیاں رہندیاں نیں۔ اوہناں ہور کہیا کہ سانُوں ڈیموکریٹک سٹیٹ نُوں چلاؤن لئی مہاراجہ رنجیت سنگھ توں سِیکھ لینی چاہیدی اے کہ اوہناں کیہڑے کیہڑے اصول اپنائے تے راج کیتا۔

امن دیہاڑ

گرچرن سنگھ جی نے وہی نارنُوں خطاب کردیاں کہیا کہ سبھ توں پہلاں ایہہ دِن 1982ء وچ منایا گیا۔ اَج اسیں ایس دِن نُوں منا رہے آں۔ پنجابی وچ اسیں ایہنوں انٹراشٹری شانتی دِوس کہہ سکدے ہاں۔ اوہناں کہیا کہ امن مُل نہیں وِکدا۔ اوہناں کہیا کہ انسان دا اپنا اندر شانت ہووے گا تے فیر اوہ دُنیا وچ امن قائم کر سکدا اے۔ اوہناں کہیا کہ نفرت نال امن قائم نہیں ہوسکدا۔ محبت نال اِی دُنیا وچ امن قائم ہوسکدا اے۔

ڈاکٹر حنا جی نے کہیا کہ جے کر اسیں امن دی گل کریے تاں امن سرحداں توں بہت اُتے اے۔ میرا ایہہ سوچنا کہ مذہب تے ملکی سرحداں توں امن بہت اُچا اے۔ جے کر اسیں انسان ہوکے سوچاں گے تاں فیر ہی امن قائم ہوسکدا اے۔

رنجیت سنگھ دھالیوال ایڈووکیٹ نے کہیا کہ اپنا آپ سُدھارنا سبھ توں وڈی خدمت اے۔ اسیں اپنی کوئی ہیبٹ چینج نہیں کرسکدے تے چاہندے آں کہ دوجیاں دیاں عادتاں نوں بدل دیئے۔ اپنے آپ توں ہی امن قائم کرن دی شروعات ہوندی اے۔

بلجندر سنگھ جی نے کہیا کہ اَج دی تاریخ وچ مسئلہ ای امن دا اے۔ جیہڑا دھرم سانُوں ملیا اوہ سانوں آرگنائز کرن لئی دِتا گیا اے۔ اسیں سارے جے کر گورو نانک جی دے آکھن موجب ''کِچھ سُنیے کِچھ کہیے'' نُوں اپنے جیون دا آدھار بنا لیے تاں سارے مسئلے حل ہوسکدے نیں۔

ڈاکٹر سُکھدیو سنگھ جی نے کہیا کہ اسیں پرچارکاں ولوں اِی ونڈے ہوئے آں۔ اسیں اپنے آپ نُوں تاں سُدھار سکدے ہاں۔ سانُوں دھرماں دی لڑائی توں اُتے اُٹھ کے نرمل کرم کرن دی لوڑ اے۔ نرمل کرم اِی دُنیا وچ امن قائم کرسکدا اے۔

میجر سنگھ پنجابی نے کہیا کہ دُنیا وچ جنے وی رہبر آئے اوہناں نے امن دی گل کیتی اے۔ اسیں گل کردا ہاں گربانی وچ بہت واضح لکھیا اے کہ ''گلی اسیں چنگیاں اچاری بُریاں''۔ اسیں گلاں تے بہت چنگیاں کردے آں پر ساڈے دِلاں وچ جیہڑی اِک دوجے نال نفرت چلدی اے اوہ سانوں ہر تھاں ماردی اے، خاندانا ں وچ لڑائی کرواؤندی اے۔ ایہہ دُنیا وی اِک خاندان اے۔ ایس نفرت نُوں ختم کردیے تاں سارا مسئلہ حل ہوجاندا اے۔

جوتی جوت بابا گورو نانک جی

ڈاکٹر گُرچرن سنگھ جی نے کہیا کہ ایہہ اِک اٹل سچائی اے کہ جگدا دِیوا ہی اِک دوجے دیوے نُوں جگا سکدا اے۔ جے ایہہ جوت واپس اکال پُرکھ دے وچ سما جاوے تاں اوہ جوت فیر ہور کسے جسم وچ نہیں سنبھالی جاسکدی۔ لہٰذا گورو جی دی جوت نرکار وچ نہیں سمائی سگوں الٰہی جوت تاں اوہناں نے اپنے ہتھیں بابا لہنا جی دے جسم وچ 2 ستمبر 1539ء نُوں اِی ٹکا دِتی سی۔ اپنا اَنگ بنا کے گورو پدوی دی بخشش کرکے گورو انگد تھاپ دِتا۔ گورو سنگھاسن اُتے گورو انگد جی نُوں براجمان کرکے آپ جی سنگت وچ جابیٹھے۔ سو گورو جی جوتی جوت نہیں سمائے۔ ایس لئی گورو نانک جی اَتے 9 سکھ گورو صاحباناں واسطے وی اسیں جوتی جوت سمانا شبد نہیں ورت سکدے۔ اوہناں ہو رکھیا کہ تاریخ گواہ اے کہ دساں سکھ گورو صاحبان نے اپنے جیون کال وچ ہی الٰہی جوت اگلے ہون والے گورو صاحب جی دے جسم وچ ٹِکا دِتی سی۔ ایس طرح دسویں سکھ گورو گوبند سنگھ جی نے اکال چلانے توں پہلاں ہی پوتھی پرمیشور دے ستھان وچ الٰہی جوت ٹِکا کے سری گورو گرنتھ صاحب جی اَگے نتمستک ہوکے آپ اوہناں دے سامہنے جا بیٹھے۔ سو اوہ الٰہی جوت اَج وی جگمگاؤندی ہوئی پورے سنسار نُوں رُشنا رہی اے۔ لہٰذا سکھ گورو صاحبان دے اکال چلانے نُوں جوتی جوت سمانا کہنا کرتا پُرکھ کے ورتارے دی گھور اُلنگھنا اے۔

ہرجندر سنگھ دِلگیر جی نے کہیا کہ گورو نانک جی دے جوتی جوت سماؤن ویلے جیہڑا کہیا جاندا اے کہ نانک نام لیوا سنگتاں وچ جیہڑا جھگڑا ہویا تے اوہدے نتیجے وچ مسلماناں نے چادر تے پھل دن کیتے جدکہ ادھی چادر تے پھل ہندوواں نانک نام لیوا سنگتاں نے سسکار کیتا۔ ایہہ کہانی سُنن نوں تے چنگی لگدی اے پر حقیقت وچ نہیں ہے۔ کیوں جو گورو نانک جی دی بیوی اَتے بیٹے وی موجود سن۔ اور عام رواج ایہو اے کہ گھر والے سسکار کردے نیں۔ ایس لئی ایہہ کہانی بنائی بڑی سوہنی گئی اے۔ سکھیا چنگی دیندی اے کہ ہندو مسلمان گورو نانک جی نُوں اپنا پیر تے گورو مندے سن۔ ایہہ سوہنی کہانی اے۔ پر میں سمجھدا کہ گورو نانک جی دا سسکار ماتا سلکھنی جی اَتے گورو نانک دے سپُتراں نیں تے جیہڑے لوک اوس ویلے موجود سن۔ تاریخی حقائق سانوں دسدے نیں کہ گورو جی دی استھیاں نُوں اوہناں دے بیٹے سری چند نے اِک جگہ دفنا کے اوتھے دیہرا بنا دِتا۔

ڈاکٹر دلجیت سنگھ ورک جی نے کہیا کہ دھرم جیہڑا بھرم بھلیکھیا نال نہیں چلدا۔ اوہناں کہیا کہ جے کر بہتیاں عقلی گلاں کیتیاں جان تے فیر اسیں دھرماں وچ وی بھلیکھے پینے شروع ہوجاندے نیں۔ اوہناں کہیا کہ گورو نانک جی پیدائشی طور تے ہی گوروسن۔ اوہناں نُوں کسے گوریائی نہیں سی بخشی۔ اوہناں نُوں آپ رب نے گوریائی بخشی سی۔

گُرمیل کور سانگھا جی نے گل کردیاں کہیا کہ گورو نانک جی اوس ویلے دُنیا وچ آئے جدوں ایتھے ظلم تے جات پات دا گھور ہنیرا چھایا ہویا سی۔ گورو جی نے ایس ہنیرے توں سنسار نُوں مُکت کر سدھے راہے پایا۔

رنجیت سنگھ دھالیوال ایڈووکیٹ نے وہی نار وچ گل کردیاں اپنے وچار سانجھے کردیاں کہیا کہ گورو نانک جی نے جیہڑا ورتارا چلایا اوہ اَج وی چل رہیا اے۔ گورو نانک صاحب نے سانُوں جیہڑے اصول دِتے اوہ مُول منتر وچ واضح نیں۔

اشوک بھنڈاری جی نے کہیا کہ گورو نانک جی دیاں تعلیمات انُوسار عورت دے تعلیم دین تے زور دِتا تاں جو ساڈیاں نسلاں تربیت یافتہ پیدا ہون۔

روِندر کور بھاٹیا جی نے کہیا کہ اسیں بے شک گردوارے جاندے آں اوتھے بھجن کیرتن سُن کے آجاندے آں پر عمل نہیں کردے۔ اوہناں کہیا بانی نُوں سُن کے سانُوں اوہدے تے عمل کرنا چاہیدا اے۔

انجینئر ڈی ایم سنگھ جی ہوراں نے اپنے وچار سانجھے کردیاں ہوئیاں کہیا کہ اَج گورو نانک جی دا جوتی جوت دیہاڑ اے۔ گورو نانک جی نے سانُوں رب دے اِک ہون دا راہ وکھایا۔

گُرندر سنگھ مان جی ہوراں نے گل بات کردیاں ہوئیاں کہیا کہ میں جدوں بابے نانک بارے سوچدا تے علامہ اقبال دی سطر نُوں کوڈ کیتے بغیر رہیا نہیں جاسکدا۔ اوہ ایہہ کہ پھر اُٹھی صدا آخر پنجاب سے ہند کو ایک مردِ کامل نے جگایا خواب سے۔

انٹرنیشنل ٹور اِزم ڈے

محمد موحد خان نے ٹورازم ڈے دے حوالے نال گل کردیاں کہیا کہ ٹورازم دی جتھوں تک گل اے میرے خیال موجب ایہہ دو وکھو وکھریاں تھاواں دے لوکاں لئی آپس وچ مل تے سمجھن لئی بہت اہم چیز اے۔ دو مختلف نظریاں دے لوکاں نُوں آپس وچ مل کے گل بات کرن دا موقعہ ملدا اے۔ میرا خیال اے پاکستان وچ سکھاں دے نال چنگا رشتہ اے ایہدے وچ وی ٹورازم دا بڑا ہتھ اے۔ خاص طور تے جیہڑا مذہبی ٹورازم اے۔ میرا خیال اے کہ ٹور اِزم نال انسان بہتا حساس ہوندا اے تے نویں خیالاں نُوں قبول کرن لئی زیادہ کھلے ذہن دا مالک بندا اے۔

واحد ارجمند ضیا پنجاب ٹور اِزم ڈپارٹمنٹ دے آپریشن مینجر نے ویہی نار نال گل بات کردیاں کہیا کہ اسیں پہلاں توں اِی ٹور اِزم دے حوالے نال کافی کم کررہے آں۔ اسیں ریلیجز ٹور اِزم نُوں پرموٹ کرن لئی لائحہ عمل تیار کررہے ہاں۔ جیہدے وچ اسیں خاص طور تے سکھ یاتریاں لئی سہولتاں فراہم کررہے آں۔

سردار گُرچرن سنگھ جی نے کہیا کہ ورلڈ ٹور اِزم دی ستھاپنا 1980ء وچ ہوئی۔ اوہناں کہیا کہ دُنیا وچ بہت سارے لوکاں نے سنسار یاتراں کیتیاں ہن، جیہناں وچ کولمبس تے واسکوڈے گاما ورگے لوک وی شامل ہن۔ پر ایہناں دیاں یاتراواں سوارتھک سن۔ جے کر اسیں گل کریے اوس مہان الٰہی رہبر گورو نانک جی دی تاں گورو نانک جی دُنیا دے وڈے سیلانیاں وچوں ہن۔ جیہناں نے 80 ہزار کلو میٹر دی سنسار یاترا بِنا کسے سوارتھ دے کیتی۔ گورو نانک جی دیاں یاتراواں نُوں اُداسیاں دا ناں دِتا جاندا اے۔ جیہڑیاں کہ چار چرناں وچ پوریاں ہوئیاں۔ اَتے ایہناں یاتراواں وچ گورو نانک جی نے کراہے پئی لوکائی نُوں راہے پایا۔ وکھو وکھرے دھرماں دے دھرم گوراں نال بحث و مباحثہ کرکے اوہناں نُوں ربی راہ ٹوریا۔ جیہناں دیاں یاتراواں ساڈے اَج دے تھیم نال پُوری طرح میل کھاندیاں ہن۔

کُشل پال سنگھ جی نے گل بات کردیاں کہیا کہ ساڈیاں حکومتاں نے پاکستان جان نُوں اِک حوا بنا دِتا اے۔ اوہناں کہیا کہ لوکاں دی وجہ نال نہیں سگوں حکومتاں کرکے ساڈا پاکستان آنا جانا مشکل بنایا گیا اے۔ سانُوں لوڑ اے کہ اسیں ایس حوالے نال کم کریے۔

پرمجیت سنگھ جی ہوراں نے ویہی نال نال اپنے وچار سانجھے کردیاں کہیا کہ میں لاہور گیا سی پر واپس آکے لگیا کہ میں لاہور نہیں ویکھ سکیا۔ مینوں لگدا اے کہ بہت سارے ٹور کرنے پین گے لاہور نُوں ویکھن لئی۔

صاحبزادہ مسعود احمد صاحب نے ویہی نار نُوں سمبودھن کردیاں کہیا کہ گل ہوئی اے مسلم سکھ بھائی چارے دی۔ میں اینتھے ایہنوں تھوڑی وسعت دینا چاہندا کیوں جو پنجاب وچ صرف مسلمان تے سکھ اِی نہیں رہندے سگوں ہندو، عیسائی، کسے دھرم نُوں نہ منن والے وی، تے ہور وی مذہباں دے لوک رہندے نیں۔ سانوں اوہناں ساریاں دی گل کرنی چاہیدی اے۔ اوہناں کہیا کہ میں سال وچ تِن تن واری چڑھدے پنجاب جاندا تے تِن تِن مہینے اوتھے رہنداں۔

ڈاکٹر سُکھدیو سنگھ کاہلوں نے کہیا کہ سانُوں اِک دوجے نال پیار محبت دیاں گلاں کرنیاں چاہیدیاں نیں۔ بھاویں اوہ ویہی نار راہیں ہون تے بھاویں مل کے ہون۔ اسیں اوددوں اِی سُکھالیں طور تے اِک دوجے ول آجا سکنے آں جے کر اسیں ایہدے لئی سرکاراں نال رل کے ملیے تاں اپنا مُدعا اوہنے اگے رکھیے۔

موہن سنگھ جی ہوراں نے کہیا کہ ٹور اِزم دی گل ہورہی اے تے یاتراں تے سانجھے پنجاب دی گل ہورہی اے۔ اوہناں کہیا کہ بھاویں زمیناں ونڈیاں گئیاں نیں پر ساڈے دِل نہیں ونڈے گئے۔

ہردیال سنگھ سپریم سکھ کونسل انڈین فیئر کمیٹی دے چیئرمین نے ویہی نار نال گل کردیاں کہیا کہ ساڈے کولوں سال بھر وچ 3 جتھے پاکستان جاندے نیں۔ اوہناں کہیا کہ یورپ وچ بہت سارے دیس نے جیہڑے صرف ٹور اِزم تے ہی چلدے نیں۔ جیویں کہ سوئٹزرلینڈ اے اوہ صرف چلدا ای ٹور اِزم دے سر تے اے۔ ایس لئی سانوں ٹور اِزم نُوں ودھان لئی خاص کرکے پاکستان دی ٹور اِزم لئی بہت کوششاں دی لوڑ اے۔

پال سنگھ پورے وال

ڈاکٹر سرجیت سنگھ جی نے پال سنگھ پُورے وال جی بارے گل کردیاں کہیا کہ ویکھیا جاوے تے پال سنگھ پُورے وال جی نے بڑے اعلیٰ طرزِ طریق نال اپنا جیون بِتایا۔ اوہناں دا وڈا کارنامہ مُول نانک شاہی کیلنڈر اے۔ اوہناں نے سکھ قوم لئی اِک چنگا ورثہ چھڈیا۔ اوہ سول انجینئر وی سن۔ اوہناں نے انجینئرنگ دے شعبے وچ وی اپنا ناں کمایا اے۔

سرجیت سنگھ جی نے ویہی نار دے رلتیاں نال گل بات کردیاں کہیا کہ میں 2000ء وچ پال سنگھ پورے وال نُوں پہلی وار سنگھ سبھا انٹرنیشنل روز ویل وچ اوہدی سالانہ کانفرنس وچ ملیا سی۔ اوہناں کہیا کہ مینوں اوس کانفرنس وچ کیلنڈر ملیا سی اوہ اَج وی میرے کول سانبھیا ہویا اے۔ میں اوسے نُوں ورتدے ہاں۔ پال سنگھ پورے وال نے ہجری کیلنڈر وی مرتب کیتا اے۔

اِروند پریت جی نے گل بات کردیاں پال سنگھ پورے وال تعلیمی قابلیت بارے گل کیتی۔ فیر اوہناں نے کہیا کہ سوفٹ ویئر وچ جے کر کسے نے پہلے کم کیتا اے اوہ پال سنگھ پورے وال نیں۔ کیلنڈر دے حوالے نال کرم سنگھ ہسٹورین ہوراں دا اِک مضمون اے، جس نُوں لکھن لگیاں اَج توں سو سال پہلاں اوہناں نُوں وی مشکلاں پیش آئیاں۔ پال سنگھ پورے وال جوتش ودیا تے وی عبور رکھدے سن، جیہدی کیلنڈر بنان لئی لوڑ وی ہوندی اے۔ ایس کیلنڈر دی مخالفت وی یاں تے ہسٹورینز نے کیتی، جیہناں نُوں کیلنڈر دا کجھ پتا نہیں، جیہناں نُوں کیلنڈر دا پتا ہوندا اے اوہناں نُوں ہسٹری دا کجھ پتا نہیں ہوندا۔ جے کر دوواں چیزاں دا پتا ہووے تاں اوہناں نُوں فیر سکھ اتہاس دا پتا نہیں ہوندا یاں گورو گرنتھ صاحب بارے پتا نہیں ہوندا۔ جیہڑا کم پال سنگھ پورے وال نے کیتا اے سکھ قوم اوہناں دا دین نہیں دے سکدی۔

کرپال سنگھ جی نے ویہی نار نال اپنے وچار سانجھے کردیاں کہیا کہ پال سنگھ نال میری ملاقات سیمینار وچ ہوئی سی تے سیمینار وچ کنی کُو گل بات ہوسکدی اے اوہ تہانوں پتا اے۔ پال سنگھ پورے وال ایتھے آئے اَتے جتھے دار نُوں وی ملے۔ میری پال سنگھ نال ملاقات ہوئی تاں میں اوہناں نُوں کیلنڈر بارے پُچھیا۔ اوہناں کہیا کہ میری ویب سائٹ تے سارے سوالاں دے جواب مل جان گے۔ پر میں اوہناں نُوں کہیا کہ تُسیں دسو، پال سنگھ جی مینوں جانکاری دِتی۔ میں خبر بنا کے اخبار وچ لائی۔ اوہناں خبر پڑھن توں بعد مینوں فون کرکے کہیا کہ تُسیں سکھ سکدے او، ایہدے بارے سکھو۔ میں کنی دیر رہنا ایں۔ اینی سیکھ کیلنڈر لاگو ہون تے کافی سی۔ ہُن ایس کیلنڈر نُوں رَد کردتا گیا اے۔ ایس لئی تُسیں سکھو کیلنڈر دیاں اوکڑاں تے گل کرو تے ایہنوں لاگو کروان دی کوشش کرو۔

سرون سنگھ جی شکاگو نے کہیا کہ اسیں پال سنگھ پورے دے کیلنڈر تے پہرا دے رہے ہاں۔ جتھے کِتے وی سیمینار وغیرہ ہوندے نیں اسیں اوتھے پہنچدے ہاں تے کیلنڈر بارے گل کردے ہاں۔

پریت موہن جی نے کہیا کہ سردار پال سنگھ پورے وال اِک عام آدمی نہیں سن۔ اوہ شُدھ پُرش سن۔ اوہناں نے جیہڑی اپنے جیون وچ گھالنا گھالی ہے، اوہ کوئی عام بندہ نہیں کرسکدا۔ اوہناں دی گھالنا نُوں کجھ حد تک مانتا وی ملی ہے۔ سکھ قوم وچ بہت سارے لوک اوہناں دا ناں بڑے آدر نال لیندے نیں۔ کجھ لوکاں نے ایہنوں اپنا ذاتی مسئلہ بنا لیا اے۔ جیہناں میں نہ مانُو دی رٹ لائی ہوئی اے۔ اوہناں نُوں بنیادی طور تے کیلنڈر بارے کوئی جانکاری نہیں۔

ونڈ دا نوحہ

ڈاکٹر رنجیت سنگھ نے اپنے بارے گل کردیاں دسیا کہ میں قصور پیدا ہویا ساں۔ اوہناں کہیا کہ ایہہ سارا دُکھانت میں اپنے پنڈے تے ہنڈھایا اے۔ اوہناں کہیا کہ اگست وچ دیش دی ونڈ ہوئی تے ایہدے نالے اِی فرقو دنگے شروع ہوگئے۔ 10 لکھ لوک بِنا کسے کارن دے نیتاواں دی اَن دیکھی دی بھینٹ چڑھ گئے۔ اک کروڑ اسّی لکھ کے قریب لوک گھروں بے گھر ہوگئے۔ اوہناں مزید کہیا کہ دُکھ دی گل ایہہ اے کہ جیہڑے لوک اپنے گھر بار چھڈ کے اپنے اپنے دیساں وچ گئے اوتھے اوہناں نال ہمدردی کرن دی تھاویں اوہناں نُوں شرنارتھی (مہاجر) آکھیا گیا۔ جیویں بیگانے دیش وچ جا کے کوئی پناہ لیندا تے اوہنوں ریفیو جی کہیا جاندا اے، اِنجے ایہناں لوکاں نال کیتا گیا۔ پناہ تے بیگانے لوک منگدے نے، پر جدوں اسیں اپنے اپنے دیشاں وچ گئے تے سانوں پناہ گزین کہیا گیا تے پناہ گزین کیمپ بنائے گئے۔ دوواں مُلکاں وچ ایہو حال ہویا۔ جدوں اسیں اپنے وطن آئے تے فیر ریفیو جی کیویں ہوئے؟

لکھوندر سنگھ نے کہیا کہ انڈیا آباد ہویا تے پاکستان آزاد ہویا۔ ساڈا پنجاب تے برباد ہویا۔ نقصان پنجاب دا ہویا اے۔ پنجاب ونڈیا گیا۔ بنیادی طور تے ساڈے نال تے سمیں سمیں 62 وچ ہویا، 84 وچ گھلوگھارا ہویا۔ پنجاب ونڈیا گیا لہندے پنجاب وچوں۔ ہریانہ چلا گیا۔ ہیماچل چلا گیا۔ ساڈے کول تے پنجاب اِی نہیں رہ گیا۔

مدن جیت سنگھ نے کہیا کہ ساڈا پنڈ لاہور توں باراں میل تے سی۔ اوہناں کہیا کہ مینوں ہر گل یاد اے اوس ویلے دی۔ ایتھوں تک کہ میں کلا اِی جاکے اپنے پنڈوں ہوکے آیاں۔ اوہناں کہیا کہ سانُوں گرو نانک جی دے آکھے موجب چلنا چاہیدا اے کہ نہ نفرت ہووے نہ لڑائی جھگڑا ہووے۔

روِندر کور بھاٹیہ نے کہیا کہ میرے دادی جی دسدے ہوندے سن کہ اسیں لائل پور توں آئے سی۔ میرے والد لاہور توں پڑھے ہوئے سن۔ کوئی 20 کُو سال دے سن جدوں امرتسر آئے۔ اوہناں نے کہیا کہ میں ہومیوپیتھک ڈاکٹر ہاں۔ میرے پاکستان وچ وی مریض نیں۔ لہندے پنجاب وچ کنا پیار ملدا اے۔ اِنج لگدا اے کہ اسیں اکٹھے اِی رہندے آں۔ بھاویں اسیں کدی ملے نہیں پر اِنج اِی احساس ہوندا اے کہ اسیں اکو گھر رہنے آں۔

گُربخش سنگھ آسٹریلیا نے کہیا کہ اَج دے دن دوواں مُلکاں وچ ازادی دا جشن منایا جاندا اے۔ اوہناں کہیا کہ تُسیں پاکستانی بہت خوش قسمت او، تہانوں اپنی ہوندنُوں برقرار رکھن لئی اِک دھرتی مل گئی اے۔

اوہناں کہیا کہ میں پاکستان گیا سی اوتھے میرا ٹیکسی ڈرائیور سی قاسم۔ میں اوہنوں پُچھیا توں جوان ایں، کسے دوجے مُلک کیوں نہیں جاندا سُنیا پاکستان دے مالی حالات بڑے ماڑے نیں۔ تے اوہنے کہیا کہ جی فیر کی ہویا کل حالات چنگے سن تے اَج نہیں۔ ایہدا مطلب ایہہ تھوڑا کہ مُلک چھڈ کے تُر جاؤ۔ وطن تے ساڈا اِی اے نا۔ گربخش سنگھ نے کہیا کہ مینوں اوہدی گل بڑی چنگی لگی تے میں اپنے ول ویکھیا کہ ساڈا تے پنجاب خالی ہوگیا اے۔ اسیں ودیشاں وچ ٹر گئے آں۔'' قاسم نے کہیا کہ وطن تے اپنا اِی اے نہ'' میں سوچیا ہوسکدا اے کہ ساڈا وطن اِی اپنا نہ ہووے۔ قاسم نُوں جیہڑی پاکستان وچوں اپنے پن دی خوشبو آؤندی اے، اوہ سانوں کیوں نہیں آؤندی؟ اوہناں کہیا کہ بھارت آزادی دا جشن مناوے پر سکھ قوم کتھے جاوے۔ جیہڑی اِک طاقت وچوں نکل کے دوجی طاقت دے رحم و کرم تے بیٹھی اے۔

گُردِیش کور کیلیگری نے کہیا کہ ساڈے وڈکے وی پاکستان توں بھگت سنگھ کے پنڈ دے لاگلے پنڈ توں آئے سن۔ میرے والد صاحب مارچ 1947ء وچ ویاہ ہویا سی۔ ایہہ تاں پتا اِی نہیں سی کہ گھر بار چھڈ کے جانا پینا اے۔ اوس ویلے تاں ایہو سوچ سی کہ فیر کی ہویا راجے تاں بلدے رہندے نیں، عوام تے نہیں بدلدی۔ وڈیاں دیاں سُنائیاں ونڈ دیاں کہانیاں بہت درد ناک نیں۔ اوہ درد ساڈے وچ وی آ گیا۔ اوہناں نے اپنا گیت ''سُن نی بھین آزادیے ساتھوں درد نہ جائے سُنایا، اِک عرصے توں اَڑِیے نی تُوں صدق ساڈا ازمایا'' سنایا۔

بھوپندر سنگھ سادھو جی نے کہیا کہ میں لوکاں نُوں دیکھداں کہ اوہ ازادی دا جشن منا رہے نیں۔ اسیں کاہدے ازاد ہوئے اسیں تاں اُجڑے آں۔ اُجڑیاں دا کاہدا جشن ہوندا اے۔ پنجاب ونڈے جان نال پنجابی بولی دا وی اُجاڑا شروع ہویا۔ میں حیران دُنیا وچ اکو اِک پنجابی قوم اے جیہڑی اپنے اُجاڑے دا جشن مناؤندی اے۔

میجر سنگھ پنجابی نے کہیا کہ 1947ء پنجاب دا دُکھ اے۔ میں پنج واری پاکستان ہوکے آیا تے میں ویکھیا کہ ایدھر والے اودھر جان نُوں روندے نیں تے اودھر والے ایدھر آؤن نُوں روندے نیں۔ اوہناں نے کہیا کہ میں جدوں پاکستان لہندے پنجاب توں واپس چڑھدے پنجاب آؤندا، بھاویں میں پنجاب دی دھرتی تے ہونا پر میری روح لاہور، ننکانہ تے پنجہ صاحب اِی رہ جاندی اے۔